
ਸਲੋਕ

# ਭਗਤ ਕਬੀਰ ਜੀ

ਸਟੀਕ



ਸੋਢੀ ਤੇਜਾ ਸਿੰਘ

੧ੴ ਸਤਿਗੁਰ ਪ੍ਰਸਾਦਿ ॥

# ਸਲੋਕ
# ਭਗਤ ਕਬੀਰ ਜੀ
## ਸਟੀਕ

ਟੀਕਾਕਾਰ -

**ਸੋਢੀ ਤੇਜਾ ਸਿੰਘ**

ਪ੍ਰਕਾਸ਼ਕ -

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ

© ਪ੍ਰਕਾਸ਼ਕ

# SALOK BHAGAT KABIR JI STEEK

by Sodhi Teja Singh Ji

ISBN : 81-7601-016-2

ਬਾਰ੍ਹਵੀਂ ਐਡੀਸ਼ਨ ਅਪ੍ਰੈਲ 2003

ਤੇਰ੍ਹਵੀਂ ਐਡੀਸ਼ਨ ਅਗਸਤ 2004

D.T.F. PUBLISHERS & DISTRIBUTORS
TEL: 0121 515 1183 / 551 7898
WEBSITE: www.dtfbooks.com

£ 2·95

ਪ੍ਰਕਾਸ਼ਕ:

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।

ਫੋਨ : (0183) 2542346, 2547974

ਫੈਕਸ : (0183) 2557973

E-Mail : csjs@jla.vsnl.net.in

Visit our Website : www.csjs.com

(Printed In India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

ੴ ਸਤਿਗੁਰ ਪ੍ਰਸਾਦਿ ॥

# ਸਲੋਕ ਭਗਤ ਕਬੀਰ ਜੀ

## ਸਟੀਕ

ਕਬੀਰ ਜੀ ਭਾਰਤ ਦੇ ਪ੍ਰਸਿੱਧ ਭਗਤਾਂ ਵਿਚੋਂ ਇਕ ਹੋਏ ਹਨ। ਆਪ ਜੀ ਦਾ ਜਨਮ ਇਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਜੇਠ ਸੁਦੀ ੧੫ ਸੰਮਤ ੧੪੫੫ ਨੂੰ ਬਨਾਰਸ ਵਿਚ ਹੋਇਆ। ਇਨ੍ਹਾਂ ਦੀ ਮਾਤਾ ਨੇ ਇਸ ਨਵੇਂ ਜਨਮੇ ਬਾਲਕ ਨੂੰ ਬਨਾਰਸ ਲਾਗੇ ਇਕ ਨਹਿਰ ਪਾਸ ਰੱਖ ਦਿੱਤਾ। ਉਥੋਂ ਇਸ ਨਵ-ਜੰਮੇ ਬਾਲਕ ਨੂੰ ਇਕ ਨੀਰੂ ਜੁਲਾਹੇ ਨੇ ਚੁੱਕ ਕੇ ਆਪਣੇ ਘਰ ਲੈ ਆਂਦਾ। ਨੀਰੂ ਦੀ ਇਸਤ੍ਰੀ ਨੇ ਇਸ ਨੂੰ ਆਪਣੇ ਪੁੱਤਰ ਸਮਾਨ ਹੀ ਦੇਖ ਭਾਲ ਕਰ ਕੇ ਪਾਲਿਆ।

ਉਪਰੰਤ ਸਮੇਂ ਅਨੁਸਾਰ ਇਸ ਦਾ ਮੁਸਲਮਾਨੀ ਮੱਤ ਅਨੁਸਾਰ ਕਬੀਰ ਨਾਮ ਰਖਿਆ ਗਿਆ ਅਤੇ ਇਸਲਾਮ ਦੀ ਸਿਖਿਆ ਦਿੱਤੀ ਗਈ। ਪਰ ਕਬੀਰ ਜੀ ਦਾ ਸੁਭਾਵਕ ਹੀ ਝੁਕਾਉ ਹਿੰਦੂ ਮੱਤ ਵਲ ਸੀ। ਜਦ ਜਵਾਨ ਹੋਏ ਤਾਂ ਇਹਨਾਂ ਦਾ ਵਿਆਹ ਲੋਈ ਨਾਮ ਦੀ ਇਸਤ੍ਰੀ ਨਾਲ ਹੋਇਆ। ਜਿਸ ਤੋਂ ਇਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਕਮਾਲਾ ਰਖਿਆ ਗਿਆ।

ਕਬੀਰ ਜੀ ਨੇ ਉਸ ਸਮੇਂ ਦੇ ਬਨਾਰਸ ਵਿਚ ਪ੍ਰਸਿੱਧ ਭਗਤ ਰਾਮਾ ਨੰਦ ਜੀ ਤੋਂ ਗੁਰ-ਦੀਖਿਆ ਰਾਮ ਨਾਮ ਦਾ ਉਪਦੇਸ਼ ਲਿਆ ਅਤੇ ਵੈਸ਼ਨੋ ਮੱਤ ਗ੍ਰਹਿਣ ਕੀਤਾ। ਉਸ ਸਮੇਂ ਕਾਂਸ਼ੀ ਵਿਦਵਾਨਾਂ ਦਾ

ਕੇਂਦਰ ਹੋਣ ਕਰਕੇ ਕਬੀਰ ਜੀ ਨੂੰ ਸਾਰੇ ਮਤ ਮਤਾਂਤਰਾਂ ਦੇ ਨਿਯਮ ਜਾਨਣ ਦਾ ਅਤੇ ਵਿਦਵਾਨਾਂ ਨਾਲ ਚਰਚਾ ਕਰਨ ਦਾ ਚੰਗਾ ਸਮਾਂ ਮਿਲ ਗਿਆ। ਜਿਸ ਕਰਕੇ ਚਤੁਰ ਹੋ ਗਏ ਅਤੇ ਫਿਰ ਪੂਰਨ ਗਿਆਨੀਆਂ ਦੀ ਸੰਗਤ ਕਰਕੇ ਆਪ ਜੀ ਬ੍ਰਹਮ ਗਿਆਨੀ ਦੀ ਪਦਵੀ ਨੂੰ ਪਹੁੰਚ ਗਏ ਅਤੇ ਆਪਣੇ ਅਨੇਕਾਂ ਸੰਗੀਆਂ ਨੂੰ ਗਿਆਨ ਮਾਰਗ ਦਰਸਾਇਆ।

ਬਾਦਸ਼ਾਹ ਸਿਕੰਦਰ ਲੋਧੀ ਜਦ ਸੰਮਤ ੧੫੪੭ ਵਿਚ ਬਨਾਰਸ ਆਇਆ ਤਾਂ ਕਬੀਰ ਜੀ ਨੂੰ ਈਰਖਾਵਾਦੀ ਮੁਸਲਮਾਨਾਂ ਬਹੁਤ ਕਸ਼ਟ ਪਹੁੰਚਾਇਆ। ਜਿਸ ਦਾ ਕੁਝ ਵਰਣਨ ਕਬੀਰ ਜੀ ਨੇ ਆਪਣੇ ਇਸ ਸ਼ਬਦ ਦੁਆਰਾ ਕੀਤਾ ਹੈ-

*ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ (ਰਾਗ ਗੋਂਡ ਕਬੀਰ ਜੀ)*

ਕਬੀਰ ਜੀ ਨੇ ਆਪਣੇ ਅੰਤਲੇ ਦਿਨ ਮਗਹਰ ਜ਼ਿਲਾ ਗੋਰਖ ਪੁਰ ਜਾ ਬਤੀਤ ਕੀਤੇ। ਉਥੇ ਹੀ ਆਪ ਜੀ ਦਾ ਦੇਹਾਂਤ ਸੰਮਤ ੧੫੭੫ ਵਿਚ ਹੋਇਆ।

ਕਬੀਰ ਜੀ ਦੀ ਬਾਣੀ ਦਾ ਸੰਗ੍ਰਹਿ ਇਹਨਾਂ ਦੇ ਚੇਲਿਆਂ ਨੇ ਕੀਤਾ, ਇਸ ਸੰਗ੍ਰਹਿ ਪੋਥੀ ਦਾ ਨਾਮ 'ਕਬੀਰ ਬੀਜਕ' ਹੈ, ਜੋ ਇਸ ਦੇ ਇਕ ਧਰਮ ਦਾਸ ਚੇਲੇ ਨੇ ਸੰਮਤ ੧੫੨੧ ਵਿਚ ਲਿਖਿਆ ਸੀ ਅਤੇ ਰਿਆਸਤ ਰੀਵਾ ਵਿਚ ਰਖਿਆ ਹੋਇਆ ਹੈ।

ਕਬੀਰ ਜੀ ਦੀ ਬਹੁਤ ਸਾਰੀ ਬਾਣੀ ਸ਼ਬਦਾਂ ਤੇ ਸਲੋਕਾਂ ਵਿਚ ਉਚਾਰਨ ਕ ਤੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਜਿਨ੍ਹਾਂ ਦੀ ਕੁਲ ਗਿਣਤੀ ੫੩੪ ਹੈ। ਇਸ ਪੁਸਤਕ ਵਿਚ ਕੇਵਲ ਆਪ ਜੀ ਦੇ ੨੪੩ ਸਲੋਕਾਂ ਦਾ ਹੀ ਸੁਖੈਨ ਭਾਸ਼ਾ ਵਿਚ ਟੀਕਾ ਪਾਠਕਾਂ ਦੀ ਭੇਟ ਹੈ। ਇਹ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੩੬੪ ਤੋਂ ਆਰੰਭ ਹੁੰਦੇ ਹਨ।

# ਟੀਕਾ
# ਸਲੋਕ ਭਗਤ ਕਬੀਰ ਜੀਉ ਕੇ

ੴ ਸਤਿਗੁਰ ਪ੍ਰਸਾਦਿ॥

**ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥ ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥੧॥**

ਕਬੀਰ ਜੀ ਕਥਨ ਕਰਦੇ ਹਨ-ਕਿ ਮੇਰੀ (ਸਿਮਰਨੀ) ਮਾਲਾ ਏਹੀ ਹੈ ਕਿ ਮੇਰੀ ਜ਼ਬਾਨ ਤੇ ਹਰ ਸਮੇਂ ਰਾਮ ਦਾ ਨਾਮ ਰਹਿੰਦਾ ਹੈ। ਇਸ ਤੋਂ ਪਹਿਲਾਂ ਵੀ ਜੁਗਾਂ ਦੇ ਆਦਿ ਤੋਂ ਜੋ ਸਾਰੇ ਭਗਤ ਹੋਏ ਹਨ, ਉਨ੍ਹਾਂ ਨੇ ਵੀ ਇਸ ਰਾਮ ਨਾਮ ਦੀ ਮਾਲਾ ਦੁਆਰਾ ਹੀ ਆਤਮ ਸੁਖ ਪ੍ਰਾਪਤ ਕੀਤਾ ਹੈ॥ ੧॥

**ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥੨॥**

ਕਬੀਰ ਜੀ ਕਹਿੰਦੇ ਹਨ-ਮੇਰੀ ਇਸ ਜੁਲਾਹੇ ਦੀ ਜ਼ਾਤ ਨੂੰ ਨੀਵੀਂ ਸਮਝ ਕੇ ਹਰ ਕੋਈ ਹੱਸਦਾ ਹੈ, ਪਰ ਮੈਂ ਇਸ ਆਪਣੀ ਨੀਵੀਂ ਜ਼ਾਤ ਤੋਂ ਕੁਰਬਾਨ ਜਾਂਦਾ ਹਾਂ। ਜਿਸ ਨੇ ਪ੍ਰਮਾਤਮਾ ਦਾ ਨਾਮ ਜਪਿਆ ਹੈ॥ ੨॥

**ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ॥ ਸਰਬ ਸੂਖ ਕੋ ਨਾਇਕੋ ਰਾਮ**

**ਨਾਮ ਰਸੁ ਪੀਉ ॥ ੩ ॥**

ਹੇ ਕਬੀਰ ! ਡਾਵਾਂ ਡੋਲ ਹੋ ਕੇ ਆਪਣੇ ਮਨ ਨੂੰ ਕਿਉਂ ਡੁਲਾਉਂਦਾ ਹੈ। ਸਾਰੇ ਸੁਖਾਂ ਦਾ ਸੁਆਮੀ ਜੋ ਵਾਹਿਗੁਰੂ ਹੈ, ਉਸਦੇ ਨਾਮ ਅੰਮ੍ਰਿਤ ਰਸ ਨੂੰ ਪੀਣਾ ਕਰ, ਉਸ ਦਾ ਸਿਮਰਨ ਕਰ ॥ ੩ ॥

**ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥ ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥ ੪ ॥**

ਹੇ ਕਬੀਰ ! ਸੋਨੇ ਦੇ ਕੁੰਡਲ (ਕੰਨ ਦੇ ਵਾਲੇ) ਜਿਨ੍ਹਾਂ ਉੱਪਰ ਲਾਲ ਜੜੇ ਹੋਏ ਹਨ, ਉਹ ਮੈਨੂੰ ਇਉਂ ਦਿਸਦੇ ਹਨ ਜਿਵੇਂ ਸੜੇ ਹੋਏ ਕਾਨੇ, ਜੋ ਬਾਹਰੋਂ ਲਿਸ਼ਕਦੇ ਹਨ, ਪਰ ਅੰਦਰੋਂ ਸੜੇ ਹੋਏ ਸੁਆਹ ਹੁੰਦੇ ਹਨ। ਏਹੀ ਹਾਲ ਉਨ੍ਹਾਂ ਦਾ ਹੈ ਜਿਨ੍ਹਾਂ ਦੇ ਮਨ ਵਿਚ ਪ੍ਰਮਾਤਮਾ ਦਾ ਨਾਮ ਨਹੀਂ ॥ ੪ ॥

**ਕਬੀਰ ਐਸਾ ਏਕੁ ਆਧੁ ਜੋ ਜੀਵਤ ਮਿਰਤਕੁ ਹੋਇ ॥ ਨਿਰਭੈ ਹੋਇ ਕੈ ਗੁਨ ਰਵੈ ਜਤ ਪੇਖਉ ਤਤ ਸੋਇ ॥ ੫ ॥**

ਕਬੀਰ ਜੀ ਕਹਿੰਦੇ ਹਨ, ਅਜਿਹਾ ਕੋਈ (ਇਕ ਅੱਧ) ਵਿਰਲਾ ਹੀ ਹੁੰਦਾ ਹੈ, ਜਿਹੜਾ ਜਿਊਂਦਾ ਹੀ ਮੁਰਦੇ ਸਮਾਨ ਹੋਵੇ, ਉਹ ਦੁਖਾਂ ਸੁਖਾਂ ਵਿਚ ਅਡੋਲ ਰਹਿੰਦਾ ਹੈ। ਐਸਾ ਪੁਰਸ਼ ਨਿਰਭੈ ਹੋ ਕੇ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਅਤੇ ਜਿਧਰ ਵੇਖਦਾ ਹੈ ਉਧਰ ਹੀ ਉਸ ਨੂੰ (ਸੋਇ) ਪ੍ਰਮਾਤਮਾ ਹੀ ਨਜ਼ਰ ਆਉਂਦਾ ਹੈ ॥ ੫ ॥

**ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ**

**ਅਨੰਦੁ ॥ ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦੁ ॥ ੬ ॥**

ਕਬੀਰ ਜੀ ਕਹਿੰਦੇ ਹਨ-ਜਿਸ ਦਿਨ ਮੈਂ ਮੇਰੀ ਮਰ ਗਈ ਉਸ ਤੋਂ ਪਿੱਛੋਂ ਅਨੰਦ ਹੋ ਗਿਆ। ਮੈਨੂੰ ਆਪਣਾ ਮਾਲਕ ਮਿਲ ਗਿਆ ਅਤੇ ਮੇਰੇ ਸੰਗੀ (ਗਿਆਨ ਇੰਦਰੇ) ਪ੍ਰਮਾਤਮਾ ਦੇ ਭਜਨ ਸਿਮਰਨ ਵਿਚ ਲੱਗ ਗਏ॥ ੬ ॥

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥ ੭ ॥**

ਕਬੀਰ ਜੀ ਕਹਿੰਦੇ ਹਨ-ਮੈਂ ਸਭ ਤੋਂ ਬੁਰਾ ਹਾਂ, ਮੈਨੂੰ ਛੱਡ ਕੇ ਹੋਰ ਸਭ ਚੰਗੇ ਹਨ। ਜਿਸ ਨੇ ਅਜਿਹਾ ਕਰਕੇ ਸਮਝ ਲਿਆ ਹੈ, ਉਹੀ ਮੇਰਾ ਮਿੱਤਰ ਹੈ॥ ੭ ॥

**ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥ ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥ ੮ ॥**

ਕਬੀਰ ਜੀ ਕਹਿੰਦੇ ਹਨ-ਮੇਰੇ ਪਾਸ ਮਾਇਆ ਕਈ ਪ੍ਰਕਾਰ ਦੇ ਭੇਸ ਕਰਕੇ ਆਈ। ਸਾਨੂੰ ਉਸ (ਖੇਖਣਹਾਰੀ) ਤੋਂ ਮੇਰੇ ਗੁਰੂ ਨੇ ਰੱਖ ਲਿਆ, ਤੇ ਉਹ ਨਮਸ਼ਕਾਰ ਕਰਕੇ ਚਲੀ ਗਈ॥ ੮ ॥

**ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ ॥ ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ ॥ ੯ ॥**

ਕਬੀਰ ਜੀ ਕਹਿੰਦੇ ਹਨ-ਉਹ ਵਸਤੂ (ਹਉਮੈ) ਨੂੰ ਮਾਰਨਾ

ਚਾਹੀਦਾ ਹੈ, ਜਿਸ ਦੇ ਮਰਨ ਕਰਕੇ ਆਪਣੇ ਮਨ ਨੂੰ ਸੁਖ ਪ੍ਰਾਪਤ ਹੋਏ। ਫਿਰ ਸਭ ਕੋਈ ਚੰਗਾ ਚੰਗਾ ਕਰਕੇ ਆਖੇ ਅਤੇ ਇਸ ਦੇ ਮਰਨ ਨੂੰ ਬੁਰਾ ਕੋਈ ਨਾ ਆਖੇ॥ ੯॥

**ਕਬੀਰ ਰਾਤੀ ਹੋਵਹਿ ਕਾਰੀਆ ਕਾਰੇ ਊਭੇ ਜੰਤ॥ ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ॥੧੦॥**

ਕਬੀਰ ਜੀ ਕਹਿੰਦੇ ਹਨ-ਜਦ ਰਾਤਾਂ ਹਨੇਰੀਆਂ ਹੋਣ ਤਾਂ (ਕਾਰੇ ਜੰਤ) ਚੋਰ ਲੋਕ ਚੋਰੀ ਲਈ (ਊਭੇ) ਉੱਠ ਖੜੇ ਹੁੰਦੇ ਹਨ, ਅਤੇ ਹੱਥਾਂ ਵਿਚ ਫਾਹੀਆਂ ਲੈ ਕੇ ਉਠ ਦੌੜਦੇ ਹਨ, ਐਸੇ ਬੰਦਿਆਂ ਨੂੰ ਇਉਂ ਜਾਣੋ ਕਿ ਉਹ ਰੱਬ ਦੇ ਮਾਰੇ (ਤ੍ਰਿਸਕਾਰੇ) ਹੋਏ ਹਨ॥ ੧੦॥

**ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥ ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥**

ਕਬੀਰ ਜੀ ਕਹਿੰਦੇ ਹਨ-ਚੰਦਨ ਦਾ ਬ੍ਰਿੱਛ ਚੰਗਾ ਹੈ, ਜਿਹੜਾ ਛਿਛਰਿਆਂ ਨਾਲ ਵਲ੍ਹੇਟਿਆ ਹੋਇਆ ਹੁੰਦਾ ਹੈ। ਉਹ ਵੀ ਸੁਗੰਧੀ ਨਾਲ ਚੰਦਨ ਰੂਪ ਹੀ ਹੋ ਜਾਂਦਾ ਹੈ, ਜਿਹੜਾ ਚੰਦਨ ਦੇ ਪਾਸ ਵੱਸਦਾ ਹੈ॥ ੧੧॥

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥੧੨॥**

ਕਬੀਰ ਜੀ ਕਹਿੰਦੇ ਹਨ-ਵਾਂਸ ਆਪਣੀ ਵਡਿਆਈ (ਲੰਮਾ ਉੱਚਾ ਹੋਣ) ਵਿਚ ਹੀ (ਡੁੱਬ) ਰਹਿ ਗਿਆ ਹੈ, ਜਿਸ ਕਰਕੇ ਭਾਵੇਂ ਉਹ ਵੀ ਚੰਦਨ ਦੇ ਪਾਸ ਹੀ ਵੱਸਦਾ ਹੈ, ਪਰ ਉਸ ਵਿਚ ਸੁਗੰਧ ਨਹੀਂ ਹੁੰਦੀ। ਕਬੀਰ ਜੀ ਵਾਂਸ ਵਿਚ ਹਉਮੈਂ ਦਾ ਅਤੇ ਢਾਕ ਪਲਾਸ ਵਿਚ ਨਿੰਮ੍ਰਤਾ ਦਾ ਸੰਕੇਤ ਦੇਂਦੇ ਹਨ॥ ੧੨॥

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥੧੩॥**

ਕਬੀਰ ਜੀ ਕਹਿੰਦੇ ਹਨ-ਦੁਨੀਆਂ ਨੇ ਮਾਇਆ ਦੇ ਰਸਾਂ ਕਸਾਂ ਨਾਲ ਲੱਗ ਕੇ ਆਪਣਾ ਧਰਮ ਵੀ ਗਵਾ ਲਿਆ। ਪ੍ਰੰਤੂ ਦੁਨੀਆਂ ਫੇਰ ਵੀ ਨਾਲ ਨਾ ਚਲੀ। ਗਾਫਲ (ਭੁੱਲੜ) ਨੇ ਆਪਣੇ ਹੱਥੀਂ ਹੀ ਪੈਰਾਂ ਤੇ ਕੁਹਾੜਾ ਮਾਰ ਲਿਆ। ਪਰਮਾਤਮਾ ਦੇ ਸਿਮਰਨ ਨੂੰ ਛੱਡ ਕੇ ਸੰਸਾਰ ਦੇ ਧੰਧਿਆਂ ਵਿਚ ਜਨਮ ਬਤੀਤ ਕਰ ਦਿਤਾ॥ ੧੩॥

**ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ॥ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ॥੧੪॥**

ਕਬੀਰ ਜੀ ਕਹਿੰਦੇ ਹਨ-ਜਿੱਥੇ ਜਿੱਥੇ ਮੈਂ ਫਿਰਿਆ ਹਾਂ ਉੱਥੇ ਉੱਥੇ ਹੀ ਥਾਂ ਥਾਂ ਤੇ ਤਮਾਸ਼ੇ ਹੀ ਵੇਖੇ ਹਨ ਪਰ ਇਕ ਰਾਮ ਦੇ ਪ੍ਰੇਮੀ ਤੋਂ ਬਿਨਾਂ ਮੇਰੇ ਭਾਣੇ ਉਹ ਥਾਂ ਸਭ ਉਜਾੜ ਹਨ। ਜਿਥੇ ਰਾਮ ਦਾ ਭਗਤੀ ਭਾਵ ਨਾਲ ਪ੍ਰੇਮੀ ਨਹੀਂ ਹੈ॥ ੧੪॥

**ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ**

**ਕੁਸਤੀ ਗਾਉ ॥ ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ॥ ੧੫ ॥**

ਕਬੀਰ ਜੀ ਦਾ ਕਥਨ ਹੈ ਕਿ -ਸੰਤਾਂ ਦੀ ਝੁੱਗੀ ਚੰਗੀ ਹੈ ਤੇ ਬੁਰੇ ਪੁਰਸ਼ ਦਾ ਪਿੰਡ ਵੀ ਭੱਠੀ ਸਮਾਨ ਹੈ। ਫਿਰ ਕਹਿੰਦੇ ਹਨ ਕਿ ਉਸ ਰਾਜ ਮਹੱਲ ਨੂੰ ਅੱਗ ਲੱਗ ਜਾਵੇ ਜਿਸ ਵਿਚ ਪ੍ਰਮਾਤਮਾ ਦਾ ਨਾਮ ਨਹੀਂ ਲਿਆ ਜਾਂਦਾ॥ ੧੫ ॥

**ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥ ੧੬ ॥**

ਕਬੀਰ ਜੀ ਕਹਿੰਦੇ ਹਨ, ਸੰਤ (ਭਲੇ ਪੁਰਸ਼) ਦੇ ਮਰਨ ਤੇ ਕਿਉਂ ਰੋਈਏ, ਜਿਹੜਾ ਆਪਣੇ ਘਰ ਜਾਂਦਾ ਹੈ। ਹਾਂ ! ਉਸ ਬੁਰੇ ਪੁਰਸ਼ ਵਿਚਾਰੇ ਨੂੰ ਰੋਵਣਾ ਕਰੋ ਜਿਹੜਾ ਹੱਟੀ ਹੱਟੀ ਵਿਕਦਾ (ਬੇਕਦਰਾ ਹੋਇਆ) ਜੂਨਾਂ ਵਿਚ ਭਟਕਦਾ ਫਿਰਦਾ ਹੈ॥ ੧੬ ॥

**ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥ ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ ॥ ੧੭ ॥**

ਕਬੀਰ ਜੀ ਕਹਿੰਦੇ ਹਨ-ਖੋਟਾ ਪੁਰਸ਼ ਐਸਾ ਹੈ ਜਿਸ ਤਰ੍ਹਾਂ ਕਿ ਥੋਮ ਦੀ ਖਾਣ (ਭੰਡਾਰ) ਜਿਸ ਨੂੰ ਭਾਵੇਂ ਨੁੱਕਰ ਵਿਚ ਬੈਠ ਕੇ ਖਾਵੀਏ, ਅੰਤ ਨੂੰ ਉਸਦੀ ਬੂ ਪਰਗਟ ਹੋ ਕੇ ਹੀ ਰਹਿੰਦੀ ਹੈ॥ ੧੭॥

**ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥ ਸੰਤਹੁ ਮਾਖਨੁ ਖਾਇਆ ਛਾਛਿ**

**ਪੀਐ ਸੰਸਾਰੁ ॥ ੧੮ ॥**

ਕਬੀਰ ਜੀ ਕਹਿੰਦੇ ਹਨ-ਮਾਇਆ ਮੱਟੀ ਹੈ, (ਦੁੱਧ ਰਿੜਕਣ ਵਾਲੀ) ਅਤੇ ਹਵਾ ਉਸ ਨੂੰ ਰਿੜਕਣ ਵਾਲੀ ਹੈ। ਉਸਦਾ ਮੱਖਣ (ਸ਼ੁਭ ਗੁਣ) ਸੰਤਾਂ ਨੇ ਖਾਧਾ ਹੈ ਅਤੇ ਸੰਸਾਰ ਉਸਦੀ ਲੱਸੀ ਮੰਦ-ਵਾਸ਼ਨਾਵਾਂ ਰੂਪ ਪੀਂਦਾ ਹੈ॥ ੧੮ ॥

**ਕਬੀਰ ਮਾਇਆ ਡੋਲਨੀ ਪਵਨ ਵਹੈ ਹਿਵ ਧਾਰ ॥ ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ ॥ ੧੯ ॥**

ਕਬੀਰ ਜੀ ਕਹਿੰਦੇ ਹਨ-ਮਾਇਆ (ਦੁਨੀਆਂ) ਇਕ ਮੱਟੀ ਹੈ ਅਤੇ ਪੌਣ ਸੁਆਸ ਰੂਪ ਬਰਫ ਵਾਂਗੂੰ ਠੰਢੀ ਵਗ ਰਹੀ ਹੈ। ਜਿਸ ਨੇ ਰਿੜਕਿਆ, (ਸੁਆਸ ਸੁਆਸ ਨਾਮ ਜਪਿਆ) ਉਸ ਨੇ ਨਾਮ ਰੂਪ (ਮੱਖਣ ਖਾਧਾ) ਅਤੇ ਹੋਰ ਸਾਰੇ ਰਿੜਕਣ ਵਾਲੇ ਰਿੜਕਦੇ ਹੀ ਰਹਿ ਗਏ॥ ੧੯ ॥

**ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥ ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥ ੨੦ ॥**

ਕਬੀਰ ਜੀ ਦਾ ਕਥਨ ਹੈ- ਕਿ ਮਾਇਆ ਠੱਗਣੀ ਠੱਗ ਠੱਗ (ਲੁਟ) ਕੇ ਵਿਕਾਰਾਂ ਰੂਪ ਹੱਟੀਆਂ ਲਾਉਂਦੀ ਹੈ, ਤਰ੍ਹਾਂ ਤਰ੍ਹਾਂ ਦੇ ਰੂਪਾਂ ਵਿਚ ਪੁਰਸ਼ ਨੂੰ ਭਟਕਾਉਂਦੀ ਹੈ, ਪਰ ਇਕ ਕਬੀਰ ਨਹੀਂ ਠੱਗਿਆ ਜਾਂਦਾ ਜਿਸ ਨੇ ਬਾਰਾਂ ਟੋਟੇ ਕਰ ਦਿੱਤੀ ਹੈ, ਭਾਵ ਨਸ਼ਟ ਕਰ ਦਿੱਤੀ ਹੈ ਤੇ ਇਸਦਾ ਕੋਈ ਰੂਪ ਵੀ ਸਵੀਕਾਰ ਨਹੀਂ ਕੀਤਾ॥ ੨੦ ॥

**ਕਬੀਰ ਸੂਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ॥ ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥੨੧॥**

ਕਬੀਰ ਜੀ ਕਹਿੰਦੇ ਹਨ-ਇਸ ਜੁਗ ਵਿਚ ਸੁਖ ਨਹੀਂ ਹੈ, ਤੂੰ ਜੋ ਬਹੁਤੇ ਮਿੱਤਰ (ਮਾਇਕ ਪਦਾਰਥਾਂ ਦਾ ਪਿਆਰ) ਕਰ ਰਿਹਾ ਹੈਂ, ਜੇ ਤੂੰ ਇਕ (ਪ੍ਰਮਾਤਮਾ) ਨਾਲ ਮਨ ਨੂੰ ਲਾ ਰੱਖੇਂ ਤਾਂ ਤੂੰ ਸਦਾ ਹੀ ਸੁਖ ਪਾਵੇਂ॥ ੨੧॥

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥**

ਕਬੀਰ ਜੀ ਕਹਿੰਦੇ ਹਨ-ਜਿਸ ਮਰਨ ਤੋਂ ਸੰਸਾਰੀ ਲੋਕ ਡਰਦੇ ਹਨ, ਉਸ ਤੋਂ ਮੇਰੇ ਮਨ ਨੂੰ ਖੁਸ਼ੀ ਹੈ, ਕਿਉਂਕਿ ਮਰਨ ਕਰਕੇ ਹੀ ਪੂਰਨ ਪਾਰਬ੍ਰਹਮ ਨੂੰ ਪਾਈਦਾ ਹੈ॥ ੨੨॥

**ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥੨੩॥**

ਹੇ ਕਬੀਰ ! ਰਾਮ ਨਾਮ ਵਸਤੂ ਨੂੰ ਪ੍ਰਾਪਤ ਕਰਕੇ ਉਸ ਦੀ ਗੰਢ ਨਾ ਖੋਲ੍ਹ, ਭਾਵ ਹਿਰਦੇ ਵਿਚ ਹੀ ਟਿਕਿਆ ਰਹਿਣ ਦੇਂਹ। ਕਿਉਂਕਿ ਇਥੇ ਨਾ ਸ਼ਹਿਰ ਹੈ, ਨਾ ਹੀ ਕੋਈ ਇਸ ਵਸਤੂ ਨੂੰ ਪਰਖਣ ਵਾਲਾ ਹੈ, ਨਾ ਹੀ ਇਸ ਦਾ ਕੋਈ ਖਰੀਦਾਰ ਹੈ ਅਤੇ ਨਾ ਹੀ ਕੋਈ ਇਸ ਦਾ ਮੁਲ ਹੈ, ਇਹ ਅਮੁਲ ਵਸਤੂ ਹੈ। ਇਸ ਦਾ ਗਾਹਕ ਕੋਈ ਆਤਮ ਗਿਆਨੀ ਹੀ ਹੋ ਸਕਦਾ ਹੈ॥ ੨੩॥

**ਕਬੀਰ ਤਾ ਸਿਉ ਪ੍ਰੀਤਿ ਕਰਿ ਜਾ ਕੋ ਠਾਕੁਰੁ ਰਾਮੁ ॥ ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ ॥ ੨੪ ॥**

ਹੇ ਕਬੀਰ ! ਤੂੰ ਉਸ ਨਾਲ ਪ੍ਰੇਮ ਕਰ, ਜਿਸ ਦਾ ਮਾਲਕ ਇਕ ਰਾਮ ਹੈ। ਕਿਉਂਕਿ ਪੰਡਿਤ, ਰਾਜੇ ਅਤੇ ਵੱਡੇ ਪ੍ਰਿਥਵੀ ਪਤੀ ਕਿਸੇ ਕੰਮ ਨਹੀਂ ਆਉਂਦੇ। ਅੰਤ ਨੂੰ ਕੇਵਲ ਇਕ ਰਾਮ ਹੀ (ਸਹਾਈ) ਹੁੰਦਾ ਹੈ ॥ ੨੪ ॥

**ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥ ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁੰਡਾਇ ॥ ੨੫ ॥**

ਕਬੀਰ ਜੀ ਕਹਿੰਦੇ ਹਨ-ਇਕ ਪ੍ਰਮਾਤਮਾ ਨਾਲ ਪ੍ਰੇਮ ਕਰਨ ਨਾਲ ਮਨ ਦੀ ਹੋਰ ਡਾਵਾਂ ਡੋਲਨਾ ਚਲੀ ਜਾਂਦੀ ਹੈ। ਪ੍ਰਮਾਤਮਾ ਨਾਲ ਪ੍ਰੇਮ ਤੋਂ ਬਿਨਾਂ ਸਿਰ ਉਤੇ ਭਾਵੇਂ ਲੰਮੇ ਕੇਸ ਕਰਕੇ ਜਟਾਂ ਰੱਖ ਲੈ ਅਤੇ ਭਾਵੇਂ ਸਿਰ ਨੂੰ ਘੋਨ ਮੋਨ ਕਰਕੇ ਟਿੰਡ ਕਰ ਲੈ। ਮਨ ਦੀ ਦੁਚਿਤੀ ਦੂਰ ਨਹੀਂ ਹੋਵੇਗੀ ॥ ੨੫ ॥

**ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ ॥ ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ ॥ ੨੬ ॥**

ਹੇ ਕਬੀਰ ! ਇਹ ਜਗਤ ਕੱਜਲ (ਕਾਲੇ ਸੁਰਮੇ) ਦੀ ਕੋਠੜੀ ਸਮਾਨ ਹੈ ਇਸ ਵਿਚ ਅੰਨੇ (ਅਗਿਆਨੀ) ਪੈਂਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰੇ ਜਾਂਦਾ ਹਾਂ, ਜਿਹੜੇ ਇਸ ਵਿਚ ਪੈ ਕੇ ਫਿਰ (ਕਾਲਖ ਲੱਗਣ ਤੋਂ ਬਿਨਾਂ) ਨਿਕਲ ਜਾਂਦੇ ਹਨ। ਭਾਵ ਸੰਸਾਰਕ

ਪਦਾਰਥਾਂ ਦੀ ਮੋਹ ਮਾਇਆ ਦੇ ਕੱਜਲ ਵਿਚੋਂ ਜਿਹੜੇ ਨਿਰਲੇਪ ਰਹਿ ਕੇ ਕਾਲੇ ਹੋਣ ਤੋਂ ਬਚ ਕੇ ਨਿਕਲ ਆਉਂਦੇ ਹਨ ਮੈਂ ਉਹਨਾਂ ਤੋਂ ਸਦਕੇ ਹਾਂ॥ ੨੬॥

**ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥ ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥ ੨੭॥**

ਹੇ ਕਬੀਰ ! ਇਹ ਸਰੀਰ ਚਲਿਆ ਜਾਏਗਾ, ਰਹੇਗਾ ਨਹੀਂ। ਜੇਕਰ ਤੂੰ ਇਸ ਨੂੰ ਜਾਣ ਤੋਂ ਮੋੜ (ਰੱਖ) ਸਕਦਾ ਹੈਂ ਤਾਂ ਰੱਖ ਲੈ, ਕਿਉਂਕਿ ਜਿਨ੍ਹਾਂ ਦੇ ਪਾਸ ਲੱਖਾਂ ਕਰੋੜਾਂ ਸਨ ਉਹ ਵੀ ਅੰਤ ਨੂੰ ਇਥੋਂ ਨੰਗੇ ਪੈਰੀਂ ਹੀ ਗਏ ਹਨ॥ ੨੭॥

**ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ॥ ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ॥ ੨੮॥**

ਹੇ ਕਬੀਰ ! ਇਹ ਸਰੀਰ ਚਲਿਆ ਜਾਏਗਾ, ਇਸ ਨੂੰ ਕਿਸੇ ਚੰਗੇ ਰਸਤੇ ਤੇ ਲਾ ਲੈ। ਜਾਂ ਸਾਧੂ ਦੀ ਸੰਗਤ ਕਰ ਅਤੇ ਜਾਂ ਫਿਰ ਹਰੀ ਦੇ ਗੁਣ ਗਾਇਆ ਕਰ॥ ੨੮॥

**ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥ ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ॥ ੨੯॥**

ਕਬੀਰ ਜੀ ਕਹਿੰਦੇ ਹਨ-ਜਗਤ ਦੇ ਜੀਵ ਮਰਦੇ ਮਰਦੇ ਸਾਰੇ ਮਰ ਗਏ ਹਨ, ਪਰ ਅਸਲ (ਜੀਵਤ ਭਾਵ ਤੋਂ) ਮਰਨਾ ਕਿਸੇ

ਨੇ ਨਹੀਂ ਜਾਣਿਆ। ਜੀਵਤ ਭਾਵ ਦੇ ਮਰਨੇ ਕਰਕੇ ਜੋ ਮਰਦੇ ਹਨ, ਉਨ੍ਹਾਂ ਦਾ ਫਿਰ ਮਰਨਾ ਨਹੀਂ ਹੁੰਦਾ॥ ੨੯॥

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ ੩੦॥**

ਕਬੀਰ ਜੀ ਕਹਿੰਦੇ ਹਨ - ਮਨੁਖਾ ਜਨਮ ਦੁਰਲਭ ਹੈ, ਇਹ ਮੁੜ ਮੁੜ ਨਹੀਂ ਹੁੰਦਾ। ਜਿਸ ਤਰ੍ਹਾਂ ਬ੍ਰਿੱਛਾਂ ਦੇ ਪੱਕੇ ਹੋਏ ਫਲ ਭੁੰਜੇ ਡਿੱਗ ਪੈਂਦੇ ਹਨ ਤੇ ਫਿਰ ਬ੍ਰਿੱਛਾਂ ਦੀ ਡਾਲੀ ਨਾਲ ਨਹੀਂ ਲੱਗਦੇ॥ ੩੦॥

**ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ॥ ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ॥ ੩੧॥**

ਹੇ ਕਬੀਰ! ਤੂੰ ਹੀ ਕਬੀਰ ਹੈਂ ਤੇ ਤੇਰਾ ਨਾਮ ਹੀ ਕਬੀਰ ਹੈ, ਵਾਹਿਗੁਰੂ ਦੇ ਅਮੋਲਕ ਰਤਨ ਨੂੰ ਤਦੋਂ ਪਾਈਦਾ ਹੈ ਜਦੋਂ ਪਹਿਲਾਂ ਸਰੀਰ ਦਾ ਆਪਾ ਭਾਵ ਤਿਆਗ ਦੇਈਏ॥ ੩੧॥

**ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ॥ ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ॥ ੩੨॥**

ਹੇ ਕਬੀਰ! ਬੇ-ਅਰਥ ਬਕ ਬਕ ਨ ਕਰੀਏ, ਤੇਰਾ ਕਿਹਾ ਕੁਛ ਨਹੀਂ ਹੋਣਾ। ਬਖਸ਼ਿਸ਼ ਕਰਨ ਵਾਲਾ ਬਖਸ਼ਿਸ਼ ਦਾ ਮਾਲਕ ਵਾਹਿਗੁਰੂ ਜੋ ਕਰਦਾ ਹੈ, ਉਸ ਨੂੰ ਕੋਈ ਮੇਟ ਨਹੀਂ ਸਕਦਾ॥ ੩੨॥

**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥ ੩੩ ॥**

ਕਬੀਰ ਜੀ ਕਹਿੰਦੇ ਹਨ-ਵਾਹਿਗੁਰੂ ਦੀ ਕਸਉਟੀ (ਪਰਖ) ਅੱਗੇ ਕੋਈ ਝੂਠਾ ਨਹੀਂ ਠਹਿਰ ਸਕਦਾ। ਵਾਹਿਗੁਰੂ ਦੀ ਪਰਖ ਉਹੀ ਸਹਾਰਦਾ ਹੈ ਜਿਹੜਾ ਜੀਵ ਸੰਸਾਰ ਦੇ ਮੋਹ ਵਲੋਂ ਮਰ ਕੇ ਵਾਹਿਗੁਰੂ ਦੇ ਪ੍ਰੇਮ ਵਿਚ ਜਿਊਂਦਾ ਹੈ॥ ੩੩ ॥

**ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ ॥ ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ ॥ ੩੪ ॥**

ਹੇ ਕਬੀਰ ! ਜਿਹੜੇ ਸੋਹਣੇ ਕਪੜੇ ਪਹਿਨਦੇ ਹਨ ਅਤੇ ਪਾਨ ਸੁਪਾਰੀਆਂ ਖਾਂਦੇ ਹਨ, ਉਹ ਇਕ ਹਰੀ ਦੇ ਨਾਮ ਸਿਮਰਨ ਤੋਂ ਬਿਨਾਂ ਜਮਾਂ ਦੇ ਬੰਨ੍ਹੇ ਹੋਏ ਜਮਪੁਰੀ ਨੂੰ ਜਾਂਦੇ ਹਨ॥ ੩੪ ॥

**ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥ ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥ ੩੫ ॥**

ਕਬੀਰ ਜੀ ਕਹਿੰਦੇ ਹਨ- ਇਹ ਸਰੀਰ ਰੂਪ ਬੇੜਾ ਭੁਰਭੁਰਾ ਹੈ ਜਿਸ ਨੂੰ ਹਜ਼ਾਰਾਂ ਛੇਕ ਫੁੱਟੇ (ਪਏ) ਹੋਏ ਹਨ। ਪੁੰਨ ਆਤਮਾ ਹੋਲੇ ਪੁਰਸ਼ ਤਾਂ ਇਸ ਸੰਸਾਰ ਸਮੁੰਦਰ ਤੋਂ ਤਰ ਗਏ ਪਰ ਜਿਨ੍ਹਾਂ ਦੇ ਸਿਰ ਤੇ ਪਾਪਾਂ ਰੂਪੀ ਭਾਰ ਸੀ ਉਹ ਵਿਚ ਹੀ ਡੁਬ ਗਏ॥ ੩੫ ॥

**ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ**

**ਜਿਉ ਘਾਸੁ ॥ ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥ ੩੬ ॥**

ਕਬੀਰ ਜੀ ਕਹਿੰਦੇ ਹਨ-ਪੁਰਸ਼ ਦੇ ਹੱਡ ਇਸ ਤਰ੍ਹਾਂ ਸੜਦੇ ਹਨ, ਜਿਵੇਂ ਲੱਕੜੀ ਸੜਦੀ ਹੈ ਅਤੇ ਸਰੀਰ ਦੇ ਵਾਲ ਘਾਹ ਵਾਂਗੂੰ ਸੜਦੇ ਹਨ। ਇਸ ਤਰ੍ਹਾਂ ਇਸ ਸੰਸਾਰ ਨੂੰ ਸੜਦੇ ਵੇਖ ਕੇ ਕਬੀਰ (ਮੈਂ) ਉਦਾਸ ਹੋ ਗਿਆ ਹਾਂ। ੩੬ ॥

**ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥ ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ ॥ ੩੭ ॥**

ਹੇ ਕਬੀਰ ! ਸਰੀਰ ਦਾ ਹੰਕਾਰ ਨਾ ਕਰੀਏ, ਇਹ ਤਾਂ ਚੰਮ ਨਾਲ ਲਪੇਟੇ ਹੋਏ ਹੱਡ ਹਨ। ਚੰਗੇ ਘੋੜਿਆਂ ਉਤੇ ਚੜ੍ਹਨ ਤੇ ਛੱਤਰਾਂ ਹੇਠਾਂ ਤੁਰਨ ਵਾਲੇ ਧਰਤੀ ਵਿਚ ਹੀ ਗੱਡੇ ਜਾਂਦੇ ਹਨ॥ ੩੭॥

**ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ ॥ ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ ॥ ੩੮ ॥**

ਹੇ ਕਬੀਰ ! ਆਪਣਾ ਉੱਚਾ ਘਰ ਦੇਖਕੇ ਹੰਕਾਰ ਨਾ ਕਰੀਏ, ਕਿਉਂਕਿ ਅੰਤ ਨੂੰ ਅੱਜ ਕਲ੍ਹ ਧਰਤੀ ਉਤੇ ਹੀ ਲੰਮਾ ਪੈਣਾ (ਮਿੱਟੀ ਵਿਚ ਰਲ ਜਾਣਾ) ਹੈ ਅਤੇ ਉੱਪਰ ਘਾਹ ਉੱਗ ਪਵੇਗਾ॥ ੩੮ ॥

**ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥ ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥ ੩੯ ॥**

ਕਬੀਰ ਜੀ ਕਹਿੰਦੇ ਹਨ-ਹੰਕਾਰ ਨਾ ਕਰੀਏ ਅਤੇ ਕਿਸੇ ਕੰਗਾਲ ਨੂੰ ਵੇਖਕੇ ਹੱਸੀਏ ਨਾ-ਕਿਉਂਕਿ ਅਜੇ ਵੀ ਬੇੜੀ (ਜੀਵਨ ਦੀ) ਸੰਸਾਰ ਸਮੁੰਦਰ ਵਿਚ ਹੀ ਹੈ, ਕੀ ਜਾਣੀਏਂ (ਪਤਾ ਨਹੀਂ) ਕੀ ਹੋ ਜਾਵੇ, ਡੁਬੀਏ ਜਾਂ ਤਰੀਏ॥ ੩੯॥

**ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ॥ ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ॥੪੦॥**

ਹੇ ਕਬੀਰ ! ਆਪਣੀ ਸੁੰਦਰ ਦੇਹੀ ਨੂੰ ਵੇਖਕੇ ਹੰਕਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨੂੰ ਅੱਜ ਕਲ੍ਹ ਹੀ ਛੱਡ ਜਾਉਗੇ, ਜਿਸ ਤਰ੍ਹਾਂ ਸੱਪ ਕੁੰਜ ਛੱਡ ਜਾਂਦਾ ਹੈ॥ ੪੦॥

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥ ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥੪੧॥**

ਹੇ ਕਬੀਰ ! ਜੇਕਰ ਲੁਟਣਾ ਹੈ ਤਾਂ ਲੁੱਟਣ ਨੂੰ ਰਾਮ ਨਾਮ ਹੈ। ਉਸ ਨੂੰ ਲੁਟ, ਨਹੀਂ ਤਾਂ ਪਿਛੋਂ ਪਛਤਾਏਂਗਾ, ਜਦੋਂ ਪ੍ਰਾਣ ਨਿਕਲ ਜਾਣਗੇ॥ ੪੧॥

**ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥ ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ॥੪੨॥**

ਕਬੀਰ ਜੀ ਕਹਿੰਦੇ ਹਨ-ਅਜਿਹਾ ਕੋਈ ਹੀ ਜੰਮਿਆ ਹੈ, ਜਿਹੜਾ ਆਪਣੇ ਘਰ ਨੂੰ ਹੀ ਅੱਗ ਲਾ ਦੇਵੇ ਅਤੇ ਪੰਜ ਲੜਕੇ (ਕਾਮ

ਕ੍ਰੋਧ ਆਦਿ) ਸਾੜ ਕੇ, ਪ੍ਰਮਾਤਮਾ ਵਿਚ ਲਿਵ ਲਾ ਰਖੇ॥ ੪੨॥

**ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ॥ ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ॥੪੩॥**

ਕਬੀਰ ਜੀ ਕਹਿੰਦੇ ਹਨ, ਕੋਈ ਮਨ ਰੂਪੀ ਲੜਕਾ ਵੇਚੇ ਤੇ ਕੋਈ ਬ੍ਰਧੀ ਰੂਪੀ ਲੜਕੀ ਵੇਚੇ ਅਤੇ ਕੋਈ ਐਸਾ ਪੁਰਸ਼ ਕਬੀਰ ਨਾਲ ਭਾਈਵਾਲੀ ਕਰਕੇ ਪ੍ਰਮਾਤਮਾ ਨਾਲ ਸੌਦਾ ਕਰੇ॥ ੪੩॥

**ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ॥ ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ॥੪੪॥**

ਕਬੀਰ ਜੀ ਕਹਿੰਦੇ ਹਨ-ਮੈਂ ਤੈਨੂੰ ਇਹ ਗੱਲ ਯਾਦ ਕਰਾਉਂਦਾ ਹਾਂ, ਕਿ ਤੈਨੂੰ ਕੋਈ ਸ਼ੱਕ ਨਾ ਰਹੇ, ਕਿ ਜੋ ਤੂੰ ਪਿਛੇ ਭੋਗ ਭੋਗ ਲਏ ਹਨ (ਉਨ੍ਹਾਂ ਦਾ ਗੁੜ ਲੈ ਖਾਏ) ਭਾਵ ਉਹਨਾਂ ਨੂੰ ਭੁਲ ਜਾਹ, ਉਹ ਤੁੱਛ ਗੁੜ ਖਾਣ ਦੇ ਹੀ ਬਰਾਬਰ ਹਨ। ਅੱਗੇ ਤੋਂ ਨੇਕ ਕਰਮ ਕਰ॥ ੪੪॥

**ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ॥ ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥੪੫॥**

ਕਬੀਰ ਜੀ ਕਹਿੰਦੇ ਹਨ-ਮੈਂ ਜਾਣਿਆਂ ਸੀ ਕਿ ਪੜ੍ਹਨਾ ਚੰਗਾ ਹੈ, ਪਰ ਪੜ੍ਹਨ ਨਾਲੋਂ (ਜੋਗੁ) ਵਾਹਿਗੁਰੂ ਨਾਲ ਜੁੜਨਾ ਚੰਗਾ ਹੈ, ਮੈਂ ਪ੍ਰਮਾਤਮਾ ਦੀ ਭਗਤੀ ਕਰਨੀ ਨਹੀਂ ਛੱਡਾਂਗਾ, ਭਾਵੇਂ

ਸਾਰੇ ਲੋਕ ਮੇਰੀ ਨਿੰਦਿਆ ਹੀ ਕਰਨ॥ ੪੫॥

**ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ॥ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ॥੪੬॥**

ਹੇ ਕਬੀਰ ! ਲੋਕ ਵਿਚਾਰੇ ਕੀ ਨਿੰਦ ਸਕਦੇ ਹਨ, ਜਿਨ੍ਹਾਂ ਦੇ ਮਨ ਵਿਚ ਗਿਆਨ ਨਹੀਂ ਹੈ। ਕਬੀਰ ਰਾਮ ਦਾ ਸਿਮਰਨ ਕਰ ਰਿਹਾ ਹੈ ਅਤੇ ਹੋਰ ਸਾਰੇ ਕੰਮ ਛੱਡ ਦਿੱਤੇ ਹਨ॥ ੪੬॥

**ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ॥ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥੪੭॥**

ਕਬੀਰ ਜੀ ਕਹਿੰਦੇ ਹਨ-ਕਿ ਪਰਦੇਸੀ ਦੇ ਘਘਰੇ ਨੂੰ ਚਾਰ ਚੁਫੇਰੇ ਹੀ ਅੱਗ ਲੱਗ ਗਈ, ਜਿਸ ਨਾਲ ਗੋਦੜੀ ਸੜ ਕੇ ਸੁਆਹ ਹੋ ਗਈ ਤੇ ਉਸ ਦੇ ਧਾਗੇ ਨੂੰ ਸੇਕ ਨਾ ਲੱਗਾ॥ ੪੭॥

ਪਰਦੇਸੀ ਇਸ ਜੀਵ ਨੂੰ ਕਿਹਾ ਗਿਆ ਹੈ, ਜੋ ਕੁਛ ਸਮੇਂ ਲਈ ਹੀ ਇਸ ਮਾਤ ਲੋਕ ਵਿਚ ਆਉਂਦਾ ਹੈ। ਘਘਰੇ ਤੋਂ ਭਾਵ ਇਹ ਸਰੀਰ ਹੈ। ਚਹੁ ਦਿਸਿ ਲਾਗੀ ਆਗਿ-ਕਾਲ ਚੱਕਰ ਦੀ ਅੱਗ ਚੁਫੇਰੇ ਇਸ ਨੂੰ ਲਗੀ ਹੋਈ ਹੈ, ਜਿਧਰ ਵੀ ਤੇ ਜਿਥੇ ਵੀ ਜੀਵ ਹੈ ਉਥੇ ਹੀ ਕਾਲ ਚੱਕਰ ਦੀ ਅੱਗ ਭੜਕ ਰਹੀ ਹੁੰਦੀ ਹੈ।

ਖਿੰਥਾ=ਇਹ ਸਰੀਰ ਰੂਪੀ ਗੋਦੜੀ। ਤਾਗੇ=ਜੀਵ ਆਤਮਾ।

ਅਰਥਾਤ-ਸਰੀਰ ਸੜ ਕੇ ਸੁਆਹ ਹੋ ਜਾਂਦਾ ਹੈ, ਪਰ ਜੀਵ ਆਤਮਾ, ਜਿਉਂ ਦਾ ਤਿਉਂ ਨਵਾਂ ਨਰੋਆ ਆਪਣੇ ਮੂਲ ਵਿਚ ਚਲਿਆ ਜਾਂਦਾ ਹੈ।

**ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ ॥ ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ ॥ ੪੮ ॥**

ਕਬੀਰ ਜੀ ਕਹਿੰਦੇ ਹਨ-ਜੀਵ ਰੂਪ ਜੋਗੀ ਦੀ ਦੇਹ ਰੂਪ ਗੋਦੜੀ ਸੜ ਕੇ ਕੋਲਾ ਹੋ ਗਈ ਅਤੇ ਖਾਪਰੁ=ਭਿਛਿਆ ਮੰਗ ਕੇ ਪਾਉਣ ਵਾਲਾ ਖਪਰਾ ਟੁੱਟ ਫੁੱਟ ਗਿਆ। ਜੀਵ ਰੂਪ ਜੋਗੀ ਵਿਚਾਰਾ ਵੀ ਮਰ ਗਿਆ ਤੇ ਪਿਛੇ ਉਸ ਦੀ ਆਸਣ-ਮੜ੍ਹੀ ਉਤੇ ਸੁਆਹ ਹੀ ਰਹਿ ਗਈ॥ ੪੮ ॥

**ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ ॥ ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ ॥ ੪੯ ॥**

ਕਬੀਰ ਜੀ ਕਹਿੰਦੇ ਹਨ-ਥੋੜੇ ਪਾਣੀ ਵਿਚ ਰਹਿਣ ਵਾਲੀ ਮੱਛੀ ਨੂੰ ਝੀਵਰ ਆਣ ਕੇ ਜਾਲ ਪਾ ਲੈਂਦਾ ਹੈ। ਹੇ ਮੱਛਲੀ ਇਨ੍ਹਾਂ ਛੋਟੀਆਂ ਛਪੜੀਆਂ ਦੇ ਟੋਇਆਂ ਵਿਚ ਤੂੰ ਬਚ ਨਹੀਂ ਸਕਦੀ ਤਾਂ ਫਿਰ ਤੂੰ ਸਮੁੰਦਰ ਦੀ ਭਾਲ ਕਰ, ਡੂੰਘੇ ਸਮੁੰਦਰ ਦਾ ਆਸਰਾ ਲੈ॥ ੪੯ ॥

ਜੀਵ ਰੂਪ ਮੱਛੀ ਦੇਵਤਿਆਂ ਆਦਿ ਟੋਇਆਂ ਦੇ ਆਸਰੇ ਰਹਿਣ ਵਾਲੀ ਨੂੰ ਕਾਲ ਰੂਪ ਝੀਵਰ ਫੜ ਲੈਂਦਾ ਹੈ। ਹੇ ਜੀਵ! ਜੇ ਤੂੰ ਕਾਲ ਦੇ ਭੈ ਤੋਂ ਬਚਣਾ ਚਾਹੁੰਦਾ ਹੈਂ ਤਾਂ ਸਮੁੰਦਰ ਰੂਪ ਵਾਹਿਗੁਰੂ ਦੇ ਪਾਸੇ ਲੱਗ ਕੇ ਉਸ ਦਾ ਆਸਰਾ ਗ੍ਰਹਿਣ ਕਰ।

**ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ ॥ ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ**

**ਕੋਇ ॥ ੫੦ ॥**

ਹੇ ਕਬੀਰ ! ਸਮੁੰਦਰ ਰੂਪ ਵਾਹਿਗੁਰੂ ਨੂੰ ਕਦੀ ਨਾ ਛੱਡੀਏ ਭਾਵੇਂ ਉਹ ਕਿੰਨਾ ਹੀ ਖਾਰਾ ਹੋਵੇ। ਨਿੱਕੇ ਨਿੱਕੇ ਛਪੜਾਂ ਤੋਂ ਜੀਵਨ ਸੁਖ ਲੱਭਣ ਵਾਲੇ ਨੂੰ ਕੋਈ ਵੀ ਚੰਗਾ ਨਹੀਂ ਕਹਿੰਦਾ॥ ੫੦॥

**ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ॥ ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ॥ ੫੧ ॥**

ਕਬੀਰ ਜੀ ਕਹਿੰਦੇ ਹਨ-(ਨਿਗੁਰੇ) ਜਿਨ੍ਹਾਂ ਦਾ ਗੁਰੂ ਕੋਈ ਨਹੀਂ ਉਹ ਇਸ ਸੰਸਾਰ ਸਮੁੰਦਰ ਵਿਚ ਰੁੜ੍ਹ ਜਾਂਦੇ ਹਨ। ਉਨ੍ਹਾਂ ਦਾ ਕੋਈ ਮਲਾਹ (ਗੁਰੂ) ਬੇੜੇ ਨੂੰ ਪਾਰ ਕਰਨ ਵਾਲਾ ਨਹੀਂ ਹੁੰਦਾ॥ ੫੧॥

ਨਿੰਮ੍ਰਤਾ ਤੇ ਗਰੀਬੀ ਜਿਨ੍ਹਾਂ ਨੇ ਆਪਣੀ ਕੀਤੀ ਹੈ ਅਤੇ ਕਰਤਾਰ ਵਲੋਂ ਜੋ ਹੋਵੇ ਸੋ ਹੋਵੇ ਉਸ ਨੂੰ ਮਿੱਠਾ ਕਰਕੇ ਮੰਨਦੇ ਹਨ।

**ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ॥ ੫੨ ॥**

ਕਬੀਰ ਜੀ ਕਹਿੰਦੇ ਹਨ-ਭਗਤ ਦੀ ਕੁੱਤੀ ਚੰਗੀ ਹੈ ਅਤੇ ਬੇਮੁਖ ਦੀ ਮਾਂ ਬੁਰੀ, ਕਿਉਂ? ਭਗਤ ਦੀ ਕੁੱਤੀ ਅੱਠੇ ਪਹਿਰ ਹਰੀ ਦਾ ਜੱਸ ਸੁਣਦੀ ਰਹਿੰਦੀ ਹੈ ਤੇ ਬੇਮੁਖ ਦੀ ਮਾਂ ਪਾਪਾਂ ਨੂੰ ਖਰੀਦਣ ਭਾਵ -ਪਾਪ ਕਰਮਾਂ ਵਿਚ ਪਰਵਿਰਤ ਰਹਿੰਦੀ ਹੈ॥ ੫੨॥

**ਕਬੀਰ ਹਰਨਾ ਦੂਬਲਾ ਇਹੁ ਹਰੀਆਰਾ**

**ਤਾਲੁ ॥ ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥ ੫੩ ॥**

ਕਬੀਰ ਜੀ ਕਹਿੰਦੇ ਹਨ-ਇਹ ਜੀਵ ਰੂਪੀ ਹਰਨ ਕਮਜ਼ੋਰ ਹੈ ਅਤੇ ਸੰਸਾਰ ਰੂਪੀ ਤਾਲ, ਵਿਸ਼ਿਆਂ ਰੂਪੀ ਪਦਾਰਥਾਂ ਦੇ ਪਾਣੀ ਨਾਲ ਹਰਿਆਵਲਾ ਲਹਿ ਲਹਿ ਕਰਦਾ ਭਰਿਆ ਹੈ, ਇਹ ਹਰਨ ਰੂਪੀ ਜੀਵ ਨੂੰ ਫੜਨ ਵਾਲੇ ਲੱਖਾਂ ਹੀ (ਸ਼ਿਕਾਰੀ) ਪਦਾਰਥਾਂ ਦੇ ਭੋਗ ਹਨ ਜਿਨ੍ਹਾਂ ਤੋਂ ਇਹ ਜੀਵ ਕਿਤਨਾ ਕੁ ਸਮਾਂ ਬਚ ਸਕਦਾ ਹੈ॥ ੫੩ ॥

**ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ॥ ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ ॥ ੫੪ ॥**

ਹੇ ਕਬੀਰ! ਜੇ ਤੂੰ ਗੰਗਾ ਦੇ ਕਿਨਾਰੇ ਆਪਣਾ ਘਰ (ਨਿਵਾਸ) ਕਰ ਲਵੇਂ ਅਤੇ ਗੰਗਾ ਦਾ ਪਵਿੱਤਰ ਜਲ ਪੀਂਦਾ ਰਹੇਂ, ਪਰ ਹਰੀ ਦੀ ਭਗਤੀ ਤੋਂ ਬਿਨਾਂ ਮੁਕਤੀ ਨਹੀਂ ਹੋਵੇਗੀ। ਇਸ ਤਰ੍ਹਾਂ ਆਖ ਕੇ ਕਬੀਰ ਵਾਹਿਗੁਰੂ ਦਾ ਨਾਮ (ਰਮੇ) ਜਪਦਾ ਹੈ॥ ੫੪ ॥

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ੫੫ ॥**

ਕਬੀਰ ਜੀ ਕਹਿੰਦੇ ਹਨ-ਮੇਰਾ ਮਨ ਗੰਗਾ ਦੇ ਸਾਫ ਪਾਣੀ ਵਾਂਗੂੰ ਪਵਿੱਤਰ ਹੋ ਗਿਆ ਹੈ, ਅਤੇ ਪ੍ਰਮਾਤਮਾ ਮੇਰੇ ਪਿਛੇ ਲੱਗਾ ਫਿਰਦਾ, ਕਬੀਰ ਕਬੀਰ ਕਹਿੰਦਾ ਹੈ॥ ੫੫ ॥

**ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ॥ ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ॥ ੫੬॥**

ਕਬੀਰ ਜੀ ਕਹਿੰਦੇ ਹਨ-ਹਲਦੀ ਪੀਲੇ ਰੰਗ ਦੀ ਅਤੇ ਚੂਨਾ ਚਿੱਟੇ ਰੰਗ ਦਾ ਹੁੰਦਾ ਹੈ। ਰਾਮ ਦੇ ਪ੍ਰੇਮ ਕਰਨ ਵਾਲਾ ਭਗਤ ਤਦ ਹੀ ਮਿਲਦਾ ਹੈ ਜੇ ਉੱਚੀ ਨੀਵੀਂ ਜ਼ਾਤ ਪਾਤ ਦੇ ਦੋਵੇਂ ਵਿਤਕਰੇ ਦੂਰ ਕਰ ਦੇਵੇ। ਜਿਸ ਤਰ੍ਹਾਂ ਹਲਦੀ ਆਪਣਾ ਪੀਲਾ ਰੰਗ ਛੱਡ ਦੇਂਦੀ ਹੈ ਅਤੇ ਚੂਨਾ ਆਪਣਾ ਚਿੱਟਾ ਰੰਗ ਤਿਆਗ ਦੇਂਦਾ ਹੈ ਅਤੇ ਇਸ ਤਰ੍ਹਾਂ ਦੋਵੇਂ ਮਿਲ ਕੇ ਇਕ ਹੋ ਜਾਂਦੇ ਹਨ। ਇਸ ਤਰ੍ਹਾਂ ਹੀ ਰਾਮ ਦਾ ਭਗਤ ਉੱਚੀ ਅਤੇ ਨੀਵੀਂ ਜ਼ਾਤ ਦੇ ਭੇਦ ਮਿਟਾ ਕੇ ਇਕ ਆਤਮ ਰੰਗ ਹੀ ਹੋ ਜਾਂਦਾ ਹੈ॥ ੫੬॥

**ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ॥ ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥ ੫੭॥**

ਹੇ ਕਬੀਰ ! ਹਲਦੀ ਆਪਣਾ ਪੀਲਾ ਰੰਗ ਛੱਡ ਦੇਂਦੀ ਹੈ ਅਤੇ ਚੂਨੇ ਵਿਚ ਚਿਟਿਆਈ ਨਹੀਂ ਰਹਿੰਦੀ। ਇਸ ਤਰ੍ਹਾਂ ਦੀ ਪ੍ਰੀਤ ਕਰਨ ਵਾਲਿਆਂ ਤੇ ਮੈਂ ਬਲਿਹਾਰ ਹਾਂ ਜਿਸ ਨਾਲ ਉੱਚੀ ਤੇ ਨੀਵੀਂ ਜ਼ਾਤ ਦਾ ਵਰਨ ਭੇਦ ਮਿਟ ਜਾਂਦਾ ਹੈ॥ ੫੭॥

**ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥ ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥ ੫੮॥**

ਕਬੀਰ ਜੀ ਕਹਿੰਦੇ ਹਨ- ਮੁਕਤੀ ਦਾ ਦੁਆਰਾ ਬਹੁਤ ਭੀੜਾ, ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਦੇ ਬਰਾਬਰ ਹੈ, ਪਰ ਮਨ ਹੰਕਾਰ ਕਰਕੇ ਹਾਥੀ ਸਮਾਨ ਵੱਡਾ ਹੋ ਰਿਹਾ ਹੈ। ਉਸ ਤੋਂ ਐਸੇ ਭੀੜੇ ਰਸਤੇ ਵਿਚੋਂ ਕਿਸ ਤਰ੍ਹਾਂ ਲੰਘਿਆ ਜਾ ਸਕਦਾ ਹੈ॥ ੫੮॥

**ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥ ੫੯॥**

ਕਬੀਰ ਜੀ ਕਹਿੰਦੇ ਹਨ-ਜੇ ਕੋਈ ਅਜਿਹਾ ਸਤਿਗੁਰੂ ਮਿਲ ਜਾਏ ਜੋ ਪ੍ਰਸੰਨ ਹੋ ਕੇ ਬਖਸ਼ਿਸ਼ ਕਰੇ, ਤਾਂ ਮੁਕਤੀ ਦਾ ਦੁਆਰਾ ਖੁਲ੍ਹਾ ਹੋ ਜਾਏਗਾ ਅਤੇ ਉਸ ਵਿਚੋਂ ਸੌਖਾ ਹੀ ਆਉਣਾ ਜਾਣਾ ਹੋ ਜਾਂਦਾ ਹੈ॥ ੫੯॥

**ਕਬੀਰ ਨਾ ਮੋੁਹਿ ਛਾਨਿ ਨ ਛਾਪਰੀ ਨਾ ਮੋੁਹਿ ਘਰੁ ਨਹੀ ਗਾਉ॥ ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ॥ ੬੦॥**

ਕਬੀਰ ਜੀ ਕਹਿੰਦੇ ਹਨ-ਨਾ ਮੇਰੀ ਕੋਈ ਛਪਰੀ (ਕੁੱਲੀ) ਹੈ, ਨਾ ਮੇਰਾ ਕੋਈ ਘਰ ਹੈ ਅਤੇ ਨਾ ਹੀ ਕੋਈ ਰਹਿਣ ਨੂੰ ਪਿੰਡ ਗਿਰਾਂ ਹੈ। ਜੇ ਕਿਤੇ ਪ੍ਰਮਾਤਮਾ ਪੁਛ ਲਵੇ (ਕਿ ਤੂੰ ਕੌਣ ਹੈਂ) ਤਾਂ ਮੇਰੀ ਜ਼ਾਤ ਅਤੇ ਨਾਮ ਵੀ ਕੋਈ ਨਹੀਂ ਹੈ। ਮੈਂ ਕੀ ਦਸਾਂਗਾ ਕਿ ਮੈਂ ਕੌਣ ਹਾਂ ?॥ ੬੦॥

**ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥ ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥ ੬੧॥**

ਕਬੀਰ ਜੀ ਕਹਿੰਦੇ ਹਨ-ਮੈਨੂੰ ਮਰਨ ਦਾ ਚਾਅ ਹੈ, ਜੇ ਮਰਾਂ ਤਾਂ ਹਰਿ ਦੇ ਦੁਆਰ ਉਤੇ ਮਰਾਂ, ਤਾਂਕਿ ਕਿਤੇ ਇਸ ਤਰ੍ਹਾਂ ਪਿਆਂ ਨੂੰ ਹਰੀ ਪੁਛ ਲਵੇ ਕਿ ਸਾਡੇ ਦੁਆਰ ਤੇ ਕੌਣ ਪਿਆ ਹੋਇਆ ਹੈ॥ ੬੧॥

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥ ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥ ੬੨॥**

ਕਬੀਰ ਜੀ ਕਹਿੰਦੇ ਹਨ-ਨਾ ਮੈਂ ਕੁਝ ਪਿਛੇ ਕੀਤਾ ਹੈ, ਨਾ ਕੁਝ ਅੱਗੇ ਕਰ ਸਕਾਂਗਾ ਤੇ ਨਾ ਹੀ ਮੇਰਾ ਕੁਝ ਸਰੀਰ ਕਰ ਸਕਦਾ ਹੈ। ਮੈਂ ਕੀ ਜਾਣਦਾ ਹਾਂ ਕਿ ਸਭ ਕੁਝ ਹਰੀ ਪ੍ਰਮਾਤਮਾ ਨੇ ਹੀ ਕੀਤਾ ਹੈ। ਜਿਸ ਕਰਕੇ ਕਬੀਰ ਪ੍ਰਸਿੱਧ ਹੋ ਗਿਆ ਹੈ॥ ੬੨॥

**ਕਬੀਰ ਸੁਪਨੈਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥ ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥ ੬੩॥**

ਹੇ ਕਬੀਰ ! ਸੁਪਨੇ ਵਿਚ ਅਭੜਵਾਹੇ ਵੀ ਜਿਸ ਦੇ ਮੂੰਹ ਤੋਂ ਪ੍ਰਮਾਤਮਾ ਦਾ ਰਾਮ ਨਾਮ ਨਿਕਲੇ, ਉਸ ਦੇ ਪੈਰ ਦੀ ਜੁਤੀ ਮੇਰੇ ਸਰੀਰ ਦੇ ਚੰਮ ਦੀ ਹੋਵੇ। ਜਿਵੇਂ ਭਾਈ ਗੁਰਦਾਸ ਜੀ ਕਹਿੰਦੇ ਹਨ॥ ੬੩॥ *'ਮੇਰੀ ਖਲੋਂ ਮੌਜੜੇ ਗੁਰਸਿਖ ਹੰਡਾਂਦੇ।*

ਮੇਰੇ ਸਰੀਰ ਦੀ ਖਲ ਦੇ ਮੌਜੇ (ਜੁਤੀ ਦਾ ਜੋੜਾ) ਬਣਾ ਕੇ ਗੁਰੂ ਦੇ ਸਿੱਖ, ਪੈਰੀਂ ਪਾਉਣ, ਹੰਡਾਉਣ, ਵਰਤਣ।

**ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ॥ ਚਾਰਿ ਦਿਵਸ ਕੇ ਪਾਹੁਨੇ ਬਡ ਬਡ**

**ਰੂੰਧਹਿ ਠਾਉ ॥ ੬੪ ॥**

ਕਬੀਰ ਜੀ ਕਹਿੰਦੇ ਹਨ-ਅਸੀਂ ਮਿੱਟੀ ਦੇ ਪੁਤਲੇ ਹਾਂ ਅਤੇ ਮਨੁੱਖ ਨਾਮ ਰਖਿਆ ਹੋਇਆ ਹੈ, ਚਾਰ ਦਿਨ ਦੇ ਵਾਸਤੇ ਇਸ ਸੰਸਾਰ ਵਿਚ ਪ੍ਰਾਹੁਣੇ ਆਏ ਹਾਂ, ਪਰ ਵੱਧ ਵੱਧ ਕੇ ਥਾਂ (ਰੂੰਧਹਿ) ਰੋਕ ਮਲ ਰਹੇ ਹਾਂ ॥ ੬੪ ॥

**ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ ॥ ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ ॥ ੬੫ ॥**

ਕਬੀਰ ਜੀ ਕਹਿੰਦੇ ਹਨ-ਮਹਿੰਦੀ ਵਾਂਗੂੰ ਆਪਣੇ ਸਰੀਰ ਨੂੰ ਪੀਹ ਪੀਹ ਕੇ ਜਪ ਤਪ ਕਰਕੇ ਮਿਹਨਤ ਕੀਤੀ। ਪਰ ਫਿਰ ਵੀ ਤੁਸਾਂ ਹੇ ਵਾਹਿਗੁਰੂ! ਮੇਰੀ ਬਾਤ ਨ ਪੁਛੀ ਅਤੇ ਨਾ ਹੀ ਮਿਹਨਤ ਕਰਕੇ ਮੇਰੀ ਪੀਸੀ ਹੋਈ ਮਹਿੰਦੀ ਨੂੰ ਕਦੀ ਪੈਰੀਂ ਲਾਇਆ ॥ ੬੫ ॥

ਅਰਥਾਤ ਮੈਨੂੰ ਕਦੀ ਆਪਣੇ ਚਰਨਾਂ ਦੀ ਛੂਹ ਨਾ ਬਖਸ਼ੀ।

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥ ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥ ੬੬ ॥**

ਕਬੀਰ ਜੀ ਕਹਿੰਦੇ ਹਨ-ਜਿਸ ਦੁਆਰੇ ਉਤੇ ਆਉਂਦਿਆਂ ਜਾਂਦਿਆਂ ਨੂੰ ਕੋਈ ਰੋਕ ਨਾ ਪਾਵੇ। ਉਹ (ਬੂਹਾ) ਜਿਹੜਾ ਐਸਾ ਹੋਵੇ ਕਿ ਉਥੇ ਆਉਣ ਜਾਣ ਦੀ ਕੋਈ ਰੋਕ ਟੋਕ ਨਾ ਹੋਵੇ, ਉਸ ਨੂੰ ਕਿਸ ਤਰ੍ਹਾਂ ਛਡੀਏ, ਅਰਥਾਤ ਕਦੀ ਨਹੀਂ ਛੱਡਣਾ ਚਾਹੀਦਾ ॥ ੬੬ ॥

**ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ ॥ ਜਬ ਦੇਖਿਓ ਬੇੜਾ ਜਰਜਰਾ**

**ਤਬ ਉਤਰਿ ਪਰਿਓ ਹਉ ਫਰਕਿ ॥ ੬੭ ॥**

ਕਬੀਰ ਜੀ ਕਹਿੰਦੇ ਹਨ-ਮੈਂ ਸੰਸਾਰ ਸਮੁੰਦਰ ਵਿਚ ਡੁਬਾ ਸੀ ਪਰ ਸ਼ੁਭ ਗੁਣਾਂ ਦੀ ਲਹਿਰ ਦੇ ਝਬਕਿ=ਹੁਲਾਰੇ ਨਾਲ ਬਚ ਗਿਆ। ਅਤੇ ਜਦ ਮੈਂ ਵੇਖਿਆ ਕਿ ਇਹ ਸਰੀਰ ਰੂਪ ਬੇੜਾ (ਜਰਜਰਾ) ਗਲਿਆ ਹੋਇਆ ਹੈ ਤਾਂ ਉਸ ਵਿਚੋਂ ਝਟ ਪਟ ਹੀ ਉਤਰ ਪਿਆ। ਭਾਵ ਮੈਂ ਸਰੀਰ ਦਾ ਮੋਹ ਤਿਆਗ ਦਿਤਾ ਕਿ ਇਹ ਤਾਂ ਬਿਨਸਨਹਾਰ ਹੈ॥ ੬੭ ॥

**ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥ ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥ ੬੮ ॥**

ਕਬੀਰ ਜੀ ਕਹਿੰਦੇ ਹਨ-ਪਾਪੀ ਪੁਰਸ਼ ਨੂੰ ਭਗਤੀ ਚੰਗੀ ਨਹੀਂ ਲੱਗਦੀ ਅਤੇ ਨਾ ਹੀ ਉਸ ਨੂੰ ਹਰੀ ਦੀ ਪੂਜਾ ਸੁਖਾਂਦੀ ਹੈ। ਇਸ ਤਰ੍ਹਾਂ ਜਿਸ ਤਰ੍ਹਾਂ ਕਿ ਮੱਖੀ ਖੁਸ਼ਬੂ ਵਾਲੇ ਚੰਦਨ ਨੂੰ ਤਿਆਗ ਦੇਂਦੀ ਹੈ ਤੇ ਜਿਥੇ ਦੁਰਗੰਧੀ ਹੋਵੇ ਉਥੇ ਜਾਂਦੀ ਹੈ॥ ੬੮ ॥

**ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ ॥ ਏਕੁ ਕਬੀਰਾ ਨਾ ਮੂਆ ਜਿਹ ਨਾਹੀ ਰੋਵਨਹਾਰੁ ॥ ੬੯ ॥**

ਕਬੀਰ ਜੀ ਕਹਿੰਦੇ ਹਨ-ਵੈਦ ਮਰ ਗਿਆ, ਰੋਗੀ ਵੀ ਮਰ ਗਿਆ ਅਤੇ ਸਾਰਾ ਸੰਸਾਰ ਵੀ ਮਰ ਗਿਆ, ਪਰ ਇਕ ਕਬੀਰ ਨਾ ਮਰਿਆ ਜਿਸ ਨੂੰ ਕੋਈ ਰੋਣ ਵਾਲਾ ਨਹੀਂ ਹੈ। ਭਾਵ ਗਿਆਨੀ ਅਗਿਆਨੀ ਅਤੇ ਸਾਰਾ ਸੰਸਾਰ ਮੋਹ ਮਾਇਆ ਦੀ ਮੌਤ ਨਾਲ ਮਰ ਰਿਹਾ ਹੈ, ਪਰ ਕਬੀਰ ਭਗਤ ਜਿਸ ਨੂੰ ਕੋਈ ਮੋਹ ਮਾਇਆ

ਦੇ ਜੰਜਾਲ ਕਰਕੇ ਕੋਈ ਰੋਣ ਵਾਲਾ ਨਹੀਂ ਹੈ, ਉਹੀ ਕੇਵਲ ਇਨ੍ਹਾਂ ਭੋਗਾਂ ਦੀ ਮੌਤ ਤੋਂ ਬਚ ਗਿਆ॥ ੬੯॥

**ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ॥ ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ॥ ੭੦॥**

ਹੇ ਕਬੀਰ! ਤੂੰ ਰਾਮ ਦਾ ਸਿਮਰਨ ਨਹੀਂ ਕੀਤਾ, ਤੈਨੂੰ ਕਾਲ ਰੂਪ ਇਕ ਬਹੁਤ ਵੱਡੀ ਖੋੜ ਲੱਗੀ ਹੋਈ ਹੈ। ਜਿਸ ਨਾਲ ਇਕ ਦਿਨ ਇਹ ਨਾਸ ਹੋ ਜਾਏਗੀ। ਜਿਸ ਤਰ੍ਹਾਂ ਲੱਕੜ ਦੀ ਹਾਂਡੀ ਚੁਲ੍ਹੇ ਉਤੇ ਇਕ ਵਾਰ ਹੀ ਚੜ੍ਹਦੀ ਹੈ ਫੇਰ ਨਹੀਂ ਚੜ੍ਹਦੀ। ਇਸ ਤਰ੍ਹਾਂ ਹੀ ਇਹ ਸਰੀਰ ਰੂਪੀ ਹਾਂਡੀ ਨੂੰ ਦੂਸਰੀ ਵਾਰ ਮਨੁੱਖਾ ਜਨਮ ਨਹੀਂ ਮਿਲਦਾ॥ ੭੦॥

**ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ॥ ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥ ੭੧॥**

ਕਬੀਰ ਜੀ ਕਹਿੰਦੇ ਹਨ-ਐਸੀ ਗੱਲ ਹੋ ਗਈ ਕਿ ਆਪਣੇ ਮਨ ਭਾਉਂਦੀ ਕੀਤੀ। ਹੁਣ ਮੌਤ ਤੋਂ ਕਿਉਂ ਡਰਨਾ ਹੈ, ਜਦ ਸਤੀ ਹੋਣ ਵਾਲੀ ਨੇ ਹੱਥ ਵਿਚ ਨਰੇਲ ਫੜ ਲਿਆ ਹੈ ਅਤੇ ਪਤੀ ਦੇ ਵਿਜੋਗ ਵਿਚ ਸੜ ਮਰਨ ਨੂੰ ਤਿਆਰ ਹੋ ਗਈ ਹੈ॥ ੭੧॥

**ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥ ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥ ੭੨॥**

ਕਬੀਰ ਜੀ ਕਹਿੰਦੇ ਹਨ-ਜਿਸ ਤਰ੍ਹਾਂ ਰਸ ਵਾਸਤੇ ਗੰਢਾਂ

ਵਾਲਾ ਗੰਨਾ ਚੂਪੀਦਾ ਹੈ। ਇਸ ਤਰ੍ਹਾਂ ਹੀ ਗੁਣ ਲੈਣ ਵਾਸਤੇ ਭਾਵੇਂ ਕਿੰਨਾ ਹੀ ਦੁਖ ਹੋਵੇ, ਯਤਨ ਕਰਨਾ ਚਾਹੀਦਾ ਹੈ। ਕਿਉਂਕਿ ਔਗੁਣਾਂ ਵਾਲੇ ਮਨੁੱਖ ਨੂੰ ਕੋਈ ਵੀ ਚੰਗਾ ਨਹੀਂ ਕਹਿੰਦਾ॥ ੭੨ ॥

**ਕਬੀਰ ਗਾਗਰਿ ਜਲ ਭਰੀ ਆਜੁ ਕਾਲਿ੍ ਜੈਹੈ ਫੂਟਿ॥ ਗੁਰੁ ਜੁ ਨ ਚੇਤਹਿ ਆਪਨੋ ਅਧ ਮਾਝਿ ਲੀਜਹਿਗੇ ਲੂਟਿ॥ ੭੩ ॥**

ਕਬੀਰ ਜੀ ਕਹਿੰਦੇ ਹਨ-ਇਹ ਦੇਹ ਰੂਪੀ ਗਾਗਰ ਜੋ ਸੁਆਸ ਰੂਪ ਪਾਣੀ ਨਾਲ ਭਰੀ ਹੋਈ ਹੈ, ਅਜ ਕਲ ਹੀ ਟੁੱਟ ਜਾਏਗੀ। ਜਿਹੜੇ ਪੁਰਸ਼ ਆਪਣੇ ਗੁਰੂ ਨੂੰ ਯਾਦ ਨਹੀਂ ਰਖਦੇ ਅਥਵਾ ਸਿਮਰਦੇ ਨਹੀਂ ਉਹ ਅਧਵਾਟੇ ਹੀ ਟੁੱਟ ਜਾਣਗੇ। ਵਿਕਾਰ ਉਹਨਾਂ ਦੇ ਸੁਖਾਂ ਨੂੰ ਮੌਤ ਤੋਂ ਪਹਿਲਾਂ ਹੀ ਜੀਵਨ ਵਿਚ ਹੀ ਲੁਟ ਲੈਣਗੇ॥ ੭੩ ॥

**ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥੭੪॥**

ਕਬੀਰ ਜੀ ਕਹਿੰਦੇ ਹਨ-ਮੈਂ ਪ੍ਰਮਾਤਮਾ ਦੇ ਦਰ ਦਾ ਕੁਤਾ ਹਾਂ, ਮੇਰਾ ਨਾਮ ਮੋਤੀ ਹੈ। ਮੇਰੇ ਗਲ ਵਿਚ ਉਸ ਮਾਲਕ ਨੇ ਰੱਸੀ ਪਾਈ ਹੋਈ ਹੈ, ਜਿਧਰ ਉਹ ਰੱਸੀ ਨਾਲ ਮੈਨੂੰ ਖਿੱਚਦਾ ਹੈ, ਓਧਰ ਹੀ ਮੈਂ ਜਾਂਦਾ ਹਾਂ। ਭਾਵ ਆਪਣੇ ਪ੍ਰਭੂ ਦੇ ਹੁਕਮ ਰੂਪੀ ਰੱਸੀ ਨਾਲ ਬੱਧਾ ਹੋਇਆ ਹਾਂ, ਜਿਵੇਂ ਜਿਵੇਂ ਹੁਕਮ ਹੁੰਦਾ ਹੈ ਤਿਵੇਂ ਹੀ ਮੈਂ ਕਾਰ ਕਰਦਾ ਹਾਂ॥ ੭੪ ॥

**ਕਬੀਰ ਜਪਨੀ ਕਾਠ ਕੀ ਕਿਆ**

**ਦਿਖਲਾਵਹਿ ਲੋਇ ॥ ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥ ੭੫ ॥**

ਕਬੀਰ ਜੀ ਕਹਿੰਦੇ ਹਨ-ਆਪਣੀ ਲੱਕੜ ਤੁਲਸੀ ਆਦਿ ਦੀ ਮਾਲਾ ਲੋਕਾਂ ਨੂੰ ਕੀ ਵਿਖਾਲਦਾ ਹੈਂ ਜੇਕਰ ਤੂੰ ਆਪਣੇ ਹਿਰਦੇ ਵਿਚ ਪ੍ਰਮੇਸ਼ਰ ਨੂੰ ਯਾਦ ਨਹੀਂ ਕਰਦਾ ਤਾਂ ਇਸ ਮਾਲਾ ਨਾਲ ਕੀ ਹੋਵੇਗਾ? ਭਾਵ ਇਸ ਦਾ ਕੋਈ ਲਾਭ ਨਹੀਂ ਹੈ॥ ੭੫॥

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥ ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥ ੭੬ ॥**

ਕਬੀਰ ਜੀ ਕਹਿੰਦੇ ਹਨ-ਵਿਛੋੜੇ ਰੂਪ ਸੱਪ ਮਨ ਵਿਚ ਵਸਦਾ ਹੈ ਜੋ ਕੋਈ ਮੰਤਰ ਨਹੀਂ ਮੰਨਦਾ। ਪ੍ਰਮਾਤਮਾ ਦਾ (ਬਿਓਗੀ) ਵਿਜੋਗ ਦਾ ਦੁਖ ਅਨੁਭਵ ਕਰਨ ਵਾਲਾ ਜਿਊਂਦਾ ਨਹੀਂ ਰਹਿੰਦਾ, ਪਰ ਜੇ ਉਹ ਜਿਊਂਦਾ ਰਹੇ ਭੀ ਤਾਂ ਫਿਰ ਉਹ ਕਮਲਾ ਹੋ ਜਾਂਦਾ ਹੈ॥ ੭੬॥

**ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ ॥ ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ ॥ ੭੭ ॥**

ਹੇ ਕਬੀਰ ! ਪਾਰਸ ਤੇ ਚੰਦਨ ਵਿਚ ਇਕ (ਸੁਗੰਧ) ਗੁਣ ਹੈ। ਇਨ੍ਹਾਂ ਪਾਰਸ ਤੇ ਚੰਦਨ ਨੂੰ ਮਿਲਕੇ ਉਹ ਲੋਹਾ ਸੋਨਾ ਹੋ ਜਾਂਦਾ ਹੈ ਅਤੇ ਲੱਕੜ ਜਿਸ ਵਿਚ ਕੋਈ ਸੁਗੰਧੀ ਨਹੀਂ ਹੁੰਦੀ ਸੁਗੰਧੀ ਵਾਲੀ ਹੋ ਜਾਂਦੀ ਹੈ॥ ੭੭॥

**ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥ ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ॥ ੭੮ ॥**

ਕਬੀਰ ਜੀ ਕਹਿੰਦੇ ਹਨ-ਜਮਾਂ ਦਾ ਸੋਟਾ ਬੁਰਾ ਹੈ। ਉਹ ਸਹਾਰਿਆ ਨਹੀਂ ਜਾਂਦਾ। ਇਕ ਪ੍ਰਭੂ ਭਗਤ ਜੋ ਮੈਨੂੰ ਮਿਲ ਗਿਆ, ਉਸ ਨੇ ਮੈਨੂੰ ਆਪਣੇ ਲੜ ਲਾਇਆ ਹੈ, ਜਿਸ ਕਰਕੇ ਮੈਂ ਜਮਾਂ ਦੇ ਸੋਟੇ (ਡਰ) ਤੋਂ ਬਚ ਸਕਿਆ ਹਾਂ॥ ੭੮ ॥

**ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥ ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ ॥ ੭੯ ॥**

ਕਬੀਰ ਜੀ ਕਹਿੰਦੇ ਹਨ-ਵੈਦ ਕਹਿੰਦਾ ਹੈ ਕਿ ਮੈਂ ਬੜਾ ਸਿਆਣਾ ਹਾਂ ਅਤੇ ਰੋਗ ਦਾ ਇਲਾਜ ਮੇਰੇ ਵਸ ਵਿਚ ਹੈ, ਪਰ ਇਹ ਜਿੰਦ ਤਾਂ ਪ੍ਰਮਾਤਮਾ ਦੀ ਬਖਸ਼ਿਸ਼ ਹੈ, ਉਹ ਜਦ ਚਾਹੇ ਇਸ ਨੂੰ ਖੋਹ ਲੈਂਦਾ ਹੈ॥ ੭੯ ॥

**ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥ ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ ॥ ੮੦ ॥**

ਹੇ ਕਬੀਰ ! ਆਪਣਾ ਨਗਾਰਾ ਦਸ ਦਿਨ (ਕੁਝ ਸਮੇਂ) ਵਾਸਤੇ ਵਜਾ ਲੈ, ਕਿਉਂਕਿ ਨਦੀ ਪਾਰ ਕਰਨ ਵਾਸਤੇ ਬੇੜੀ ਵਿਚ ਬੈਠੇ ਮੁਸਾਫਰਾਂ ਦਾ ਜਿਵੇਂ ਮੇਲ ਹੁੰਦਾ ਹੈ ਅਤੇ ਪਾਰ ਉਤਰ ਕੇ ਫਿਰ ਉਹ ਆਪਸ ਵਿਚ ਆਣਕੇ ਮਿਲਦੇ ਨਹੀਂ, ਇਸ ਤਰ੍ਹਾਂ ਇਹ

ਮਨੁੱਖਾ ਜਨਮ ਇਕ ਵਾਰ ਵਿਛੜ ਗਿਆ ਤਾਂ ਫਿਰ ਨਹੀਂ ਮਿਲੇਗਾ॥ ੮੦॥

**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥ ੮੧॥**

ਕਬੀਰ ਜੀ ਕਹਿੰਦੇ ਹਨ-ਜੇ ਮੈਂ ਸਤ ਸਮੁੰਦਰਾਂ ਦੇ ਪਾਣੀ ਦੀ ਸਿਆਹੀ ਕਰ ਲਵਾਂ ਅਤੇ ਸਾਰੀ ਬਨਾਸਪਤੀ ਦੀਆਂ ਕਲਮਾਂ ਬਣਾ ਲਵਾਂ ਤੇ ਸਾਰੀ ਪ੍ਰਿਥਵੀ ਨੂੰ ਕਾਗਜ਼ ਕਰ ਲਵਾਂ ਤਾਂ ਵੀ ਫਿਰ ਹਰੀ ਦਾ ਜੱਸ ਲਿਖਿਆ ਨਹੀਂ ਜਾ ਸਕਦਾ॥ ੮੧॥

**ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ॥ ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ॥ ੮੨॥**

ਕਬੀਰ ਜੀ ਕਹਿੰਦੇ ਹਨ- ਜੁਲਾਹੇ ਦੀ ਨੀਵੀਂ ਜ਼ਾਤ ਕੀ ਕਰ ਸਕਦੀ ਹੈ, ਜਦ ਕਿ ਮੇਰੇ ਹਿਰਦੇ ਵਿਚ ਪ੍ਰਮਾਤਮਾ ਦਾ ਨਾਮ ਵਸਦਾ ਹੈ॥ ੮੨॥

ਹੇ ਕਬੀਰ ! ਮੇਰੇ ਹਿਰਦੇ ਵਿਚ ਪ੍ਰਮਾਤਮਾ ਦੇ (ਮਿਲਣ) ਸਿਮਰਨ ਕਰਨ ਕਰਕੇ ਸਾਰੇ ਡਰ ਦੂਰ ਹੋ ਜਾਂਦੇ ਹਨ।

**ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥ ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ॥ ੮੩॥**

ਕਬੀਰ ਜੀ ਕਹਿੰਦੇ ਹਨ-ਅਜਿਹਾ ਕੋਈ ਨਹੀਂ ਹੈ ਜਿਹੜਾ ਸਰੀਰ ਰੂਪ ਮੰਦਰ ਨੂੰ ਸਾੜ ਦੇਵੇ ਅਤੇ ਪੰਜ ਕਾਮਾਦਿਕ

ਲੜਕਿਆਂ ਨੂੰ ਮਾਰ ਕੇ (ਅਭਾਵ ਕਰਕੇ) ਪ੍ਰਮੇਸ਼ਰ ਨਾਲ ਲਿਵ ਲਾ ਰਖੇ॥ ੮੩ ॥

**ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ॥ ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ॥ ੮੪ ॥**

ਕਬੀਰ ਜੀ ਕਹਿੰਦੇ ਹਨ, ਅਜਿਹਾ ਕੋਈ ਨਹੀਂ ਜਿਹੜਾ ਏਸ ਸਰੀਰ ਨੂੰ ਸਾੜ ਦੇਵੇ, ਭਾਵ ਕਿ ਜਿਹੜਾ ਸਰੀਰ ਦੇ ਮੋਹ ਨੂੰ ਤਿਆਗ ਦੇਵੇ। ਇਹ ਅੰਨ੍ਹੇ ਅਗਿਆਨੀ ਲੋਕ (ਇਸ ਗੱਲ ਨੂੰ) ਨਹੀਂ ਜਾਣਦੇ ਭਾਵੇਂ ਕਬੀਰ ਉੱਚੀ ਅਵਾਜ਼ ਨਾਲ ਪੁਕਾਰ ਕੇ ਦਸ ਰਿਹਾ ਹੈ ਕਿ ਜਗਤ ਦੀ ਮੋਹ ਮਾਇਆ ਨੂੰ ਸਾੜ ਕੇ ਹੀ ਆਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ॥ ੮੪ ॥

**ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥ ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥ ੮੫ ॥**

ਕਬੀਰ ਜੀ ਕਹਿੰਦੇ ਹਨ-ਸਤੀ ਹੋਣ ਵਾਲੀ ਇਸਤਰੀ ਆਪਣੇ ਮ੍ਰਿਤਕ ਪਤੀ ਦੀ ਚਿੱਖਾ ਉੱਤੇ ਚੜ੍ਹ ਕੇ ਕਹਿੰਦੀ ਹੈ, ਹੇ ਮਸਾਣਾਂ ਦੇ ਬੀਰ ! ਲੋਕ ਸਾਰੇ ਤਾਂ ਇਸ ਸੰਸਾਰ ਨੂੰ ਛੱਡ ਕੇ ਚਲੇ ਗਏ ਹਨ। ਹੁਣ ਸਾਡਾ ਤੁਹਾਡਾ ਕੰਮ ਵੀ ਇਹੀ ਅੰਤ ਨੂੰ ਹੋਣਾ ਹੈ। (ਮ੍ਰਿਤਕ ਸਰੀਰ ਦੀਆਂ ਰੂਹਾਂ ਨੂੰ ਮਸਾਣਾਂ ਦੇ ਬੀਰ ਕਿਹਾ ਗਿਆ ਹੈ)।

**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥ ਜੋ ਜੈਸੀ ਸੰਗਤਿ ਮਿਲੈ ਸੋ ਤੈਸੋ**

**ਫਲੁ ਖਾਇ ॥ ੮੬ ॥**

ਹੇ ਕਬੀਰ ! ਇਹ ਮਨ ਪੰਛੀ ਸਮਾਨ ਹੈ ਜੋ ਉੱਡ ਉੱਡ ਕੇ (ਸੰਕਲਪਾਂ ਵਿਕਲਪਾਂ ਦੀਆਂ ਉਡਾਰੀਆਂ ਲਾ ਕੇ) ਦਸਾਂ ਦਿਸ਼ਾਂ ਵਿਚ ਜਾਂਦਾ ਰਹਿੰਦਾ ਹੈ। ਇਸ ਮਨ ਪੰਛੀ ਨੂੰ ਜਿਥੇ ਜਿਹੋ ਜਿਹੀ ਸੰਗਤ ਮਿਲਦੀ ਹੈ, ਉਹ ਉਥੇ ਉਸ ਸੰਗਤ ਵਰਗਾ ਹੀ ਫਲ ਖਾਂਦਾ ਹੈ, ਅਰਥਾਤ ਮਨ ਸੰਗਤ ਦੇ ਪ੍ਰਭਾਵ ਨੂੰ ਗ੍ਰਹਿਣ ਕਰਕੇ ਉਸ ਸੰਗਤ ਵਰਗਾ ਹੀ ਚੰਗਾ ਜਾਂ ਮਾੜਾ ਹੋ ਜਾਂਦਾ ਹੈ। ਉਥੇ ਜਾਂ ਗੁਣ ਗ੍ਰਹਿਣ ਕਰ ਲੈਂਦਾ ਹੈ ਅਤੇ ਜਾਂ ਔਗੁਣ ॥ ੮੬ ॥

**ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥ ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥ ੮੭ ॥**

ਕਬੀਰ ਜੀ ਕਹਿੰਦੇ ਹਨ-ਜਿਸ ਨੂੰ ਲਭਦੇ ਸੀ ਉਹੀ ਜਗ੍ਹਾ ਪਾ ਲਈ ਹੈ ਅਤੇ ਉਹੀ ਮੁੜ ਕੇ ਤੂੰ ਹੋ ਗਿਆ। ਜਿਸ ਨੂੰ ਪਹਿਲਾਂ ਹੋਰ ਕਹਿੰਦਾ ਸੀ। ਤੂੰ ਤੂੰ ਕਰਤਾ ਤੂੰ ਹੋਇਆ ਮੁਝ ਮੈ ਰਹਾ ਨ ਹੂੰ ॥ ੮੭ ॥

**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥ ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ੮੮ ॥**

ਕਬੀਰ ਜੀ ਕਹਿੰਦੇ ਹਨ-ਕੁਸੰਗਤ (ਖੋਟੀ ਸੰਗਤ) ਦੀ ਮਾਰ ਮਾਰਦੀ ਹੈ। ਜਿਹੜੀ ਬੇਰੀ ਕੇਲੇ ਦੇ ਪਾਸ ਹੋਵੇ, ਉਹ ਹਵਾ ਨਾਲ ਝੂਲਦੀ ਹੈ ਤੇ ਉਸਦਾ ਸੰਗੀ-ਕੇਲਾ ਉਸ ਬੇਰੀ ਦੇ ਕੰਢਿਆਂ ਨਾਲ ਚੀਰੀਦਾ ਹੈ। ਸੋ ਤੂੰ ਵੀ ਹੇ ਕਬੀਰ ਮਾਇਆ ਦੇ ਉਪਾਸ਼ਕਾਂ ਦੀ

ਸੰਗਤ ਵਲ ਨ ਵੇਖ॥ ੮੮॥

**ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥ ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥ ੮੯॥**

ਕਬੀਰ ਜੀ ਕਹਿੰਦੇ ਹਨ-ਪਰਾਇਆ ਭਾਰ ਨਿੰਦਿਆ ਦਾ ਸਿਰ ਤੇ ਚੜ੍ਹਦਾ ਜਾਂਦਾ ਹੈ ਅਤੇ ਤੂੰ ਇਸ ਨੂੰ ਚੁਕ ਕੇ ਪੈਂਡਾ ਕਰਨਾ ਚਾਹੁੰਦਾ ਹੈਂ। ਤੂੰ ਆਪਣੇ ਮਾੜੇ ਕਰਮਾਂ ਦੇ ਭਾਰ ਤੋਂ ਨਹੀਂ ਡਰਦਾ ਅੱਗੇ ਬੜਾ ਔਖਾ ਰਸਤਾ ਹੈ, ਜਿਹੜਾ ਇਤਨਾ ਭਾਰ ਸਿਰ ਤੇ ਚੁਕ ਕੇ ਚੜ੍ਹਨਾ ਬੜਾ ਕਠਿਨ ਹੈ॥ ੮੯॥

**ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੂਕਾਰ॥ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥ ੯੦॥**

ਕਬੀਰ ਜੀ ਕਹਿੰਦੇ ਹਨ-ਜੰਗਲ ਦੀ ਸੜੀ ਹੋਈ ਲੱਕੜ ਖੜੀ ਖਲੋਤੀ ਹੋਈ ਪੁਕਾਰ ਕਰਦੀ ਹੈ ਕਿ ਮੈਂ ਕਿਤੇ ਲੁਹਾਰ ਦੇ ਵਸ ਨਾ ਪੈ ਜਾਵਾਂ, ਜਿਹੜਾ ਮੈਨੂੰ ਇਕ ਵਾਰ ਸੜੀ ਹੋਈ ਨੂੰ ਫੇਰ ਦੂਜੀ ਵਾਰ ਕੋਇਲੇ ਕਰਕੇ ਸਾੜੇ॥ ੯੦॥

**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ॥ ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ॥ ੯੧॥**

ਹੇ ਕਬੀਰ ! ਇਕ ਮਨ ਦੇ ਮਰਨ ਨਾਲ ਦੋ (ਮਾਨ ਅਪਮਾਨ) ਮਰ ਗਏ। ਇਨ੍ਹਾਂ ਦੋਹਾਂ ਦੇ ਮਰਨ ਨਾਲ ਚਾਰ (ਕਾਮ,

ਕ੍ਰੋਧ, ਲੋਭ ਤੇ ਮੋਹ) ਮਰ ਗਏ। ਇਨ੍ਹਾਂ ਛੇਆਂ ਵਿਚ ਦੋ ਇਸਤਰੀਆਂ (ਆਸ਼ਾ, ਤ੍ਰਿਸ਼ਨਾਂ) ਅਤੇ ਚਾਰ ਮਰਦ (ਕਾਮ, ਕ੍ਰੋਧ, ਲੋਭ, ਮੋਹ) ਹਨ॥ ੯੧॥

**ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ॥ ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ॥ ੯੨॥**

ਕਬੀਰ ਜੀ ਕਹਿੰਦੇ ਹਨ-ਜਗਤ ਨੂੰ ਵੇਖ ਵੇਖ ਕੇ (ਪੂਰੇ ਧਿਆਨ ਨਾਲ) ਢੂੰਡ ਵੇਖਿਆ ਹੈ, ਕਿਤੇ ਮੈਂ ਸਥਿਰਤਾ ਨਹੀਂ ਪਾਈ। ਜਿਸ ਨੇ ਹਰੀ ਦੇ ਨਾਮ ਦਾ ਸਿਮਰਨ ਨਹੀਂ ਕੀਤਾ, ਉਹ ਹੋਰ ਕਿਤੇ ਭਟਕਦੇ ਫਿਰਦੇ ਹਨ। ਅਰਥਾਤ ਹਰੀ ਨਾਮ ਹੀ ਇਕ ਐਸੀ ਠੌਰ ਹੈ ਜਿਥੇ ਮਨ ਦੀ ਸਥਿਰਤਾ ਸ਼ਾਂਤੀ ਪਾਈ ਜਾਂਦੀ ਹੈ। ੯੨॥

**ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥ ੯੩॥**

ਕਬੀਰ ਜੀ ਕਹਿੰਦੇ ਹਨ-ਸਾਧੂ ਦੀ ਸੰਗਤ ਕਰਨੀ ਚਾਹੀਦੀ ਹੈ, ਜੋ ਅੰਤ ਨੂੰ ਸਹਾਇਤਾ ਕਰਦੀ ਹੈ। ਪ੍ਰੰਤੂ ਵਾਹਿਗੁਰੂ ਵਲੋਂ ਬੇਮੁਖ ਦਾ ਮੇਲ ਮਿਲਾਪ ਨਾ ਕਰੀਏ ਜਿਸ ਨਾਲ ਆਤਮ ਸੁਖ ਦਾ ਨਾਸ ਹੋ ਜਾਂਦਾ ਹੈ॥ ੯੩॥

**ਕਬੀਰ ਜਗ ਮਹਿ ਚੇਤਿਓ ਜਾਨਿ ਕੈ ਜਗ ਮਹਿ ਰਹਿਓ ਸਮਾਇ॥ ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ॥ ੯੪॥**

ਕਬੀਰ ਜੀ ਕਹਿੰਦੇ ਹਨ-ਜਿਨ੍ਹਾਂ ਨੇ ਜਗਤ ਵਿਚ ਵਾਹਿਗੁਰੂ ਨੂੰ ਇਉਂ ਪਛਾਣਕੇ ਸਿਮਰਿਆ ਹੈ, ਕਿ ਉਹ ਸਾਰੇ ਜਗਤ ਵਿਚ ਵਿਆਪਕ ਹੈ। (ਉਹਨਾਂ ਦਾ ਜਗ ਵਿਚ ਜਨਮ ਲੈਣਾ ਹੀ ਸਫਲ ਹੈ) ਪ੍ਰੰਤੂ ਜਿਨ੍ਹਾਂ ਨੇ ਜਨਮ ਲੈ ਕੇ ਹਰੀ ਦਾ ਨਾਮ ਨਹੀਂ ਸਿਮਰਿਆ ਉਹ ਬੇਅਰਥ ਹੀ ਆਣ ਕੇ ਜੰਮੇ ਹਨ॥ ੯੪॥

**ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥ ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ॥ ੯੫॥**

ਕਬੀਰ ਜੀ ਕਹਿੰਦੇ ਹਨ-ਇਕ ਵਾਹਿਗੁਰੂ ਦੀ ਆਸ ਕਰਨੀ ਚਾਹੀਦੀ ਹੈ। ਹੋਰਨਾਂ ਦੀ ਆਸ ਨਿਰਾਸ ਕਰਨ ਵਾਲੀ ਹੁੰਦੀ ਹੈ। ਉਹ ਮਨੁੱਖ ਨਰਕਾਂ ਵਿਚ ਪੈਂਦੇ ਹਨ, ਜੋ ਹਰੀ ਨਾਮ ਨਾਲੋਂ ਉਦਾਸ ਬੇਮੁਖ ਰਹਿੰਦੇ ਹਨ॥ ੯੫॥

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥ ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥ ੯੬॥**

ਕਬੀਰ ਜੀ ਕਹਿੰਦੇ ਹਨ-ਸਿਖ (ਚੇਲੇ) ਸਾਖਾ (ਮਿੱਤਰ) ਬਹੁਤ ਕਰ ਲਏ ਪਰ ਪ੍ਰਮਾਤਮਾ ਨੂੰ ਮਿੱਤਰ ਨਾ ਕੀਤਾ। ਜਦ ਪ੍ਰਮਾਤਮਾ ਨੂੰ ਮਿਲਣ ਵਾਸਤੇ ਚਲੇ ਤਾਂ ਮਨ ਰਾਹ ਵਿਚ ਹੀ ਅਟਕ ਗਿਆ, ਮਨ ਕੀ ਮਨ ਹੀ ਮਾਹਿ ਰਹੀ॥ ੯੬॥

**ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥ ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥ ੯੭॥**

ਕਬੀਰ ਜੀ ਕਹਿੰਦੇ ਹਨ-ਕਿਸੇ ਕੰਮ ਦੇ ਕਰਨ ਵਾਸਤੇ ਉਸ ਦਾ ਸਬੱਬ ਵਿਚਾਰਾ ਕੀ ਕਰ ਸਕਦਾ ਹੈ ? ਜੇਕਰ ਪ੍ਰਮਾਤਮਾ ਹੀ ਸਹਾਇਤਾ ਨਾ ਕਰੇ। ਬ੍ਰਿੱਛ ਦੀ ਚੋਟੀ ਉਤੇ ਜਾਣ ਵਾਸਤੇ ਜਿਸ ਜਿਸ ਟਾਹਣੀ ਤੇ ਪੈਰ ਧਰਦਾ ਹਾਂ, ਉਹ ਟੁੱਟ ਜਾਂਦੀ ਹੈ ॥ ੯੭ ॥

ਭਾਵ-ਪ੍ਰਮਾਤਮਾ ਨੂੰ ਮਿਲਣ ਵਾਸਤੇ ਜਪ ਤਪ ਕੀ ਕਰਨਗੇ ਜੇਕਰ ਪ੍ਰਮਾਤਮਾ ਆਪ ਹੀ ਆਪਣੇ ਮਿਲਾਪ ਵਾਸਤੇ ਪੁਰਸ਼ ਦੀ ਸਹਾਇਤਾ ਨਹੀਂ ਕਰੇਗਾ। ਜਿਹੜਾ ਵੀ ਕੋਈ ਮਿਲਾਪ ਦੀ ਸਹਾਇਤਾ ਵਾਸਤੇ ਕੰਮ ਕਰਦਾ ਹੈ, ਉਹ ਸਾਥ ਨਹੀਂ ਦੇਂਦਾ ਤੇ ਕੰਮ ਸਿਰੇ ਨਹੀਂ ਚੜ੍ਹਦਾ।

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ ੯੮ ॥**

ਹੇ ਕਬੀਰ ! ਜੋ ਲੋਕ ਹੋਰਨਾਂ ਨੂੰ ਉਪਦੇਸ਼ ਕਰਦੇ ਹਨ, ਪਰ ਆਪ ਉਸ ਨੂੰ ਨਹੀਂ ਕਮਾਉਂਦੇ, ਉਨ੍ਹਾਂ ਦੇ ਮੂੰਹ ਵਿਚ ਬੁਰਿਆਈਆਂ ਦੀ ਰੇਤ ਪੈਂਦੀ ਹੈ। ਐਸੇ ਪੁਰਸ਼ ਦੂਜਿਆਂ ਦੀ ਪੂਜਾ (ਉਪਦੇਸ਼ ਮਈ ਸਿਖਿਆ) ਹੀ ਗੱਲਾਂ ਕਰਨ ਵਾਸਤੇ ਯਾਦ ਰਖਦੇ ਹਨ, ਪਰ ਉਹਨਾਂ ਨੇ ਆਪਣੇ ਹਿਰਦੇ ਦੇ ਸ਼ੁਭ ਗੁਣਾਂ ਦਾ ਖੇਤ ਖਾ ਲਿਆ ਹੈ, ਅਰਥਾਤ ਕੋਈ ਸ਼ੁਭ ਗੁਣ ਸੁਣਿਆ ਸੁਣਾਇਆ ਹਿਰਦੇ ਵਿਚ ਉਹਨਾਂ ਨੇ ਨਹੀਂ ਵਸਾਇਆ ॥ ੯੮ ॥

**ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥ ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ ॥ ੯੯ ॥**

ਕਬੀਰ ਜੀ ਕਹਿੰਦੇ ਹਨ-ਭਲੇ ਪੁਰਸ਼ਾਂ ਦੀ ਸੰਗਤ ਵਿਚ ਰਹੀਏ ਅਤੇ ਜੌਵਾਂ ਦੀ ਪੱਕਦੀ ਰੋਟੀ ਖਾਈਏ। ਫਿਰ ਹੋਣ ਵਾਲੀ ਮਾੜੀ ਚੰਗੀ ਗੱਲ ਜੋ ਹੋਵੇ, ਉਹ ਹੋ ਜਾਵੇ; ਪਰ ਮਨਮੁਖ ਪੁਰਸ਼ ਨਾਲ ਕਦਾਚਿਤ ਨਾ ਜਾਈਏ ਅਤੇ ਉਸਦੀ ਸੰਗਤ ਨਾ ਕਰੀਏ॥ ੯੯॥

**ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ॥ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ॥ ੧੦੦॥**

ਕਬੀਰ ਜੀ ਕਹਿੰਦੇ ਹਨ-ਸਾਧੂ ਭਲੇ ਪੁਰਸ਼ ਦੀ ਸੰਗਤ ਕਰਨ ਨਾਲ ਦਿਨੋਂ ਦਿਨ ਪ੍ਰਮਾਤਮਾ ਨਾਲ ਪ੍ਰੇਮ ਵਧਦਾ ਹੈ, ਪਰ ਮਨਮੁਖ ਪੁਰਸ਼ ਕਾਲੀ ਕੰਬਲੀ ਵਾਂਗੂੰ ਹੁੰਦਾ ਹੈ ਜੋ ਧੋਣ ਨਾਲ ਕਦੀ ਵੀ ਸੇਤੁ (ਚਿਟੀ) ਨਹੀਂ ਹੁੰਦੀ। ਅਰਥਾਤ-ਮਨਮੁਖ ਦਾ ਹਿਰਦਾ ਪਾਪਾਂ ਨਾਲ ਇਤਨਾ ਕਾਲਾ ਹੋਇਆ ਹੁੰਦਾ ਹੈ ਕਿ ਉਸ ਨੂੰ ਭਾਵੇਂ ਕਿਤਨਾ ਹੀ ਉਪਦੇਸ਼ ਕਰੀਏ ਤੇ ਸਮਝਾਈਏ ਪਰ ਕਦੀ ਨਿਰਮਲ ਨਹੀਂ ਹੁੰਦਾ॥ ੧੦੦॥

**ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥੧੦੧॥**

ਕਬੀਰ ਜੀ ਕਹਿੰਦੇ ਹਨ-ਜੇਕਰ ਆਪਣਾ ਮਨ ਨਹੀਂ ਮੁੰਨਿਆ, ਸਾਫ ਨਹੀਂ ਕੀਤਾ ਤਾਂ ਫਿਰ ਸਿਰ ਦੇ ਵਾਲ ਕਿਸ ਲਈ ਮੁਨਾਏ, ਕਿਉਂਕਿ ਜੋ ਕੁਝ ਵੀ ਚੰਗਾ ਮਾੜਾ ਕਰਦਾ ਹੈ ਉਹ ਮਨ ਹੀ ਕਰਦਾ ਹੈ। ਸਿਰ ਨੂੰ ਐਵੇਂ ਬੇਅਰਥ ਹੀ ਮੁਨਾ ਲਿਆ, ਉਸ ਵਿਚਾਰੇ ਦਾ ਕੀ ਦੋਸ਼ ਹੈ॥ ੧੦੧॥

**ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤ ਜਾਉ ॥ ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ ਸਮਾਉ ॥੧੦੨॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਦੇ ਨਾਮ ਨੂੰ ਕਦੀ ਨਾ ਛਡੀਏ। ਜੇ ਸਰੀਰ ਅਤੇ ਧਨ ਚਲਿਆ ਜਾਏ, ਨਾਸ ਹੋ ਜਾਏ, ਤਾਂ ਬੇਸ਼ੱਕ ਚਲਿਆ ਜਾਏ, ਪਰ ਚਿੱਤ ਪ੍ਰਭੂ ਦੇ ਚਰਨ ਕਮਲਾਂ ਵਿਚ ਜੁੜਿਆ ਰਹੇ ਅਤੇ ਪ੍ਰਭੂ ਦੇ ਨਾਮ ਵਿਚ ਲਿਵਲੀਨ ਰਹੇ ॥ ੧੦੨ ॥

**ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ ॥ ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ ॥੧੦੩॥**

ਕਬੀਰ ਜੀ ਕਹਿੰਦੇ ਹਨ-ਅਸੀਂ ਜਿਹੜਾ ਸਰੀਰ ਦਾ ਵਾਜਾ (ਸੰਕਲਪਾਂ ਵਿਕਲਪਾਂ ਦਾ) ਵਜਾਉਂਦੇ ਸੀ, ਉਸ ਦੀਆਂ ਸਾਰੀਆਂ ਮੋਹ ਰੂਪ ਤਾਰਾਂ ਟੁੱਟ ਗਈਆਂ ਹਨ-ਹੁਣ ਵਾਜਾ ਵਿਚਾਰਾ ਕੀ ਕਰ ਸਕਦਾ ਹੈ, ਜਦ ਉਸ ਨੂੰ ਵਜਾਉਣ ਵਾਲਾ ਮਨ ਹੀ ਚਲਿਆ (ਸ਼ਾਂਤ ਹੋ) ਗਿਆ ਹੈ ॥ ੧੦੩ ॥

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥ ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥**

ਕਬੀਰ ਜੀ ਕਹਿੰਦੇ ਹਨ-ਉਸ ਗੁਰੂ ਦੀ ਮਾਤਾ ਦਾ ਸਿਰ ਮੁੰਨ ਦਿਓ, ਜਿਸ ਪਾਸੋਂ ਮਨ ਦਾ ਸੰਸਾ ਨਵਿਰਤ ਨਾ ਹੋਵੇ। ਐਸੇ ਗੁਰੂ ਆਪ ਤਾਂ ੪ ਵੇਦਾਂ ਦੇ ਕਰਮ ਕਾਂਡ ਦੇ ਭਰਮ ਵਿਚ ਪੈ ਕੇ

ਡੁੱਬ ਗਏ ਹਨ ਅਤੇ ਚੇਲਿਆਂ ਨੂੰ ਵੀ ਉਸ ਕਰਮ ਕਾਂਡ ਵਿਚ ਰੋੜ੍ਹ ਦਿਤਾ ਹੈ॥ ੧੦੪ ॥

**ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥ ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ॥ ੧੦੫ ॥**

ਕਬੀਰ ਜੀ ਕਹਿੰਦੇ ਹਨ-ਪੁਰਸ਼ ਨੇ ਜਿਤਨੇ ਪਾਪ ਕੀਤੇ ਸਨ ਉਹ ਹੇਠਾਂ ਆਪਣੇ ਹਿਰਦੇ ਅੰਦਰ ਲੁਕਾ ਕੇ ਰਖੇ ਸਨ, ਪਰ ਉਹ ਸਾਰੇ ਹੀ ਅੰਤ ਨੂੰ ਪ੍ਰਗਟ ਹੋ ਜਾਂਦੇ ਹਨ, ਜਦ ਧਰਮਰਾਜ ਪੁਛਦਾ ਹੈ॥ ੧੦੫ ॥

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ॥ ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ॥ ੧੦੬ ॥**

ਕਬੀਰ ਜੀ ਕਹਿੰਦੇ ਹਨ-ਪੁਰਸ਼ ਨੇ ਪ੍ਰਮਾਤਮਾ ਦਾ ਸਿਮਰਨ ਛੱਡ ਕੇ ਇਸਤਰੀ ਪੁੱਤਰ ਆਦਿ ਦੀ ਪਾਲਣਾ ਕੀਤੀ ਪਰ ਇਸ ਤਰ੍ਹਾਂ ਸੰਸਾਰਕ ਕੰਮ ਕਰਦਾ ਕਰਦਾ ਹੀ, ਪ੍ਰਮਾਤਮਾ ਦੇ ਸਿਮਰਨ ਵਲੋਂ ਰਹਿ ਗਿਆ, ਅੰਤ ਨੂੰ ਨਾ ਕੋਈ ਉਸ ਦਾ ਭਾਈ ਅਤੇ ਨਾ ਕੋਈ ਸਬੰਧੀ ਰਿਹਾ॥ ੧੦੬ ॥

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ॥ ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ॥ ੧੦੭ ॥**

ਹੇ ਕਬੀਰ ! ਜਿਹੜੀ ਇਸਤ੍ਰੀ ਹਰੀ ਦਾ ਸਿਮਰਨ ਛੱਡ ਕੇ ਰਾਤ ਨੂੰ ਮੜ੍ਹੀਆਂ ਵਿਚ ਮਸਾਣ ਜਗਾਵਣ ਜਾਂਦੀ ਹੈ, ਉਹ ਸੱਪਣੀ

ਹੋ ਕੇ (ਸਰਪ ਜੂਨ ਵਿਚ) ਜੰਮਦੀ ਹੈ ਅਤੇ ਆਪਣੇ ਹੀ (ਜਾਏ) ਬਚਿਆਂ ਨੂੰ ਖਾਂਦੀ ਹੈ॥ ੧੦੭॥

**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ॥ ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥੧੦੮॥**

ਹੇ ਕਬੀਰ ! ਜਿਹੜੀ ਇਸਤਰੀ ਪ੍ਰਮਾਤਮਾ ਦਾ ਸਿਮਰਨ ਛੱਡ ਕੇ (ਅਹੋਈ) ਸੀਤਲਾ ਦੇਵੀ ਦਾ ਵਰਤ ਰਖਦੀ ਹੈ, ਉਹ ਸੀਤਲਾ ਦੀ ਸਵਾਰੀ ਵਾਸਤੇ ਖੋਤੀ ਹੋ ਕੇ ਜੰਮਦੀ ਹੈ ਅਤੇ ਪਿੱਠ ਉਤੇ ਚਾਰ ਮਣ ਦਾ ਭਾਰ ਸਹਾਰਦੀ (ਚੁਕਦੀ) ਹੈ॥ ੧੦੮॥

**ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ॥ ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ॥੧੦੯॥**

ਕਬੀਰ ਜੀ ਕਹਿੰਦੇ ਹਨ-ਜੇਕਰ ਤੂੰ ਬਹੁਤ ਚਤੁਰ ਹੈ, ਤੇਰੇ ਪਾਸ ਬਹੁਤ ਚਤੁਰਾਈ ਹੈ, ਤਾਂ ਹੇ ਪੁਰਸ਼ ! ਹਰੀ ਪ੍ਰਮਾਤਮਾ ਨੂੰ ਹਿਰਦੇ ਵਿਚ ਜਪ। ਹਰੀ ਸਿਮਰਨ ਕਰਨਾ ਸੂਲੀ ਉੱਪਰ ਚੜ੍ਹਨ ਦੇ ਬਰਾਬਰ ਹੈ ਇਸ (ਹਰੀ ਸਿਮਰਨ) ਤੋਂ ਜੇ ਡਿੱਗ ਪਵੇਂਗਾ, ਭਾਵ ਇਸ ਨੂੰ ਭੁਲ ਜਾਏਂਗਾ ਤਾਂ ਫਿਰ ਤੇਰੀ ਹੋਰ ਕੋਈ ਥਾਂ ਨਹੀਂ॥ ੧੦੯॥

**ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥ ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥੧੧੦॥**

ਕਬੀਰ ਜੀ ਕਹਿੰਦੇ ਹਨ-ਉਹੀ ਮੂੰਹ ਧੰਨ ਹੈ, ਜਿਸ ਨਾਲ

ਪ੍ਰਮਾਤਮਾ ਦਾ ਨਾਮ ਕਿਹਾ ਜਾਂਦਾ ਹੈ। ਸਰੀਰ ਵਿਚਾਰੇ ਦੀ ਕਿਹੜੀ ਗੱਲ ਹੈ, ਉਹ ਸਾਰਾ ਨਗਰ ਹੀ ਪਵਿੱਤਰ ਹੋ ਜਾਏਗਾ, ਜਿਸ ਵਿਚ ਰਾਮ ਦਾ ਨਾਮ ਲਿਆ ਜਾਏਗਾ॥ ੧੧੦॥

**ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ॥ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ॥੧੧੧॥**

ਕਬੀਰ ਜੀ ਕਹਿੰਦੇ ਹਨ- ਉਹ ਕੁਲ ਚੰਗੀ ਹੈ ਜਿਸ ਕੁਲ ਵਿਚ ਪ੍ਰਮਾਤਮਾ ਦਾ ਭਗਤ ਪੈਦਾ ਹੋਵੇ। ਜਿਸ ਕੁਲ ਵਿਚ ਭਗਤ ਪੈਦਾ ਨਹੀਂ ਹੁੰਦਾ, ਉਹ ਕੁਲ ਛਿਛਰੇ ਤੇ ਕੇਸੂ ਦੇ ਬੂਟਿਆਂ ਵਾਂਗੂ ਨਿਸਫਲ ਹੈ॥ ੧੧੧॥

**ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ॥ ਇਆ ਸੁਖ ਤੇ ਭਿਖ੍ਯ੍ਯਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ॥੧੧੨॥**

ਕਬੀਰ ਜੀ ਕਹਿੰਦੇ ਹਨ-ਹੈ (ਘੋੜੇ) ਗਇ (ਹਾਥੀ) ਅਤੇ (ਬਾਹਨ) ਸਵਾਰੀ ਕਰਨ ਲਈ ਬਹੁਤ ਬੇਅੰਤ ਹੋਣ ਅਤੇ ਲੱਖਾਂ ਹੀ ਝੰਡੇ ਝੂਲਦੇ ਹੋਣ। ਇਤਨੇ ਸੁਖ ਨਾਲੋਂ ਉਹ ਭਿਖਿਆ ਚੰਗੀ ਹੈ ਜਿਸ ਵਿਚ ਪ੍ਰਮਾਤਮਾ ਦਾ ਸਿਮਰਨ ਕਰਦਿਆਂ ਦਿਨ ਬਤੀਤ ਹੋਵੇ॥ ੧੧੨॥

**ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥੧੧੩॥**

ਕਬੀਰ ਜੀ ਕਹਿੰਦੇ ਹਨ-ਮੋਢਿਆਂ ਤੇ ਢੋਲ ਚੁਕ ਕੇ ਮੈਂ ਸਾਰੇ ਜਗਤ ਵਿਚ ਵਜਾਉਂਦਾ ਫਿਰਿਆ ਹਾਂ ਅਤੇ ਨਿਰਣੇ ਕਰਕੇ ਵੇਖਿਆ ਹੈ ਕਿ ਕੋਈ ਵੀ ਕਿਸੇ ਦਾ ਨਹੀਂ ਹੈ।।

**ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ॥ ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ॥੧੧੪॥**

ਹੇ ਕਬੀਰ ! ਉਮਰ ਰੂਪੀ ਰਸਤੇ ਵਿਚ ਮੋਤੀ (ਸ਼ੁਭ ਗੁਣ) ਖਿੰਡਰੇ ਪਏ ਹਨ ਤੇ ਇਕ (ਅੰਨ੍ਹਾ) ਗਿਆਨਹੀਨ ਉਧਰ ਆ ਨਿਕਲਿਆ। ਉਹ ਅੰਨ੍ਹਾ ਪੁਰਸ਼ ਪ੍ਰਮਾਤਮਾ ਦੀ ਜੋਤ ਬਖਸ਼ਿਸ਼ ਤੋਂ ਬਿਨਾਂ ਸਾਰਾ ਜਗਤ ਹੀ ਲੰਘਦਾ ਜਾ ਰਿਹਾ ਹੈ, ਪਰ ਸ਼ੁਭ ਗੁਣਾਂ ਨੂੰ ਗ੍ਰਹਿਣ ਨਹੀਂ ਕਰਦਾ।। ੧੧੪ ।।

**ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥ ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥੧੧੫॥**

ਕਬੀਰ ਜੀ ਕਹਿੰਦੇ ਹਨ- ਕਿ ਕਬੀਰ ਦਾ ਸਾਰਾ ਬੰਸ ਡੁੱਬ ਗਿਆ ਹੈ ਸੰਸਾਰਕ ਧੰਧਿਆਂ ਵਿਚ, ਜਿਸ ਦੇ ਘਰ ਕਮਾਲਾ ਪੁੱਤਰ ਪੈਦਾ ਹੋਇਆ ਹੈ। ਪ੍ਰਮਾਤਮਾ ਦਾ ਸਿਮਰਨ ਛੱਡ ਕੇ ਪੁੱਤਰ ਮੋਹ ਮਾਇਆ ਦਾ ਮਾਲ ਘਰਿ (ਹਿਰਦੇ) ਵਿਚ ਲੈ ਆਇਆ ਹੈ।। ੧੧੫ ।।

**ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥ ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥੧੧੬॥**

ਕਬੀਰ ਜੀ ਕਹਿੰਦੇ ਹਨ- ਜੇਕਰ ਸਾਧੂ ਮਹਾਤਮਾਂ ਨੂੰ ਮਿਲਣ ਜਾਈਏ ਤਾਂ ਆਪਣੇ ਨਾਲ ਹੋਰ ਕਿਸੇ ਨੂੰ ਨਾ ਲਈਏ। ਇਕ ਵਾਰ ਤੁਰ ਕੇ ਫੇਰ ਪਿਛੇ ਪੈਰ ਨਾ ਰਖੀਏ, ਅਗੋਂ ਜੋ ਹੋਵੇ ਸੋ ਪਈ ਹੋਵੇ। ਅਰਥਾਤ ਸਾਧੂ ਨੂੰ ਮਿਲਣ ਜਾਣ ਵਾਸਤੇ ਇਕ ਮਨ ਹੋ ਕੇ ਜਾਣਾ ਚਾਹੀਦਾ ਹੈ, ਦੁਚਿਤੇ ਮਨ ਨਾਲ ਨਹੀਂ। ਇਕ ਵਾਰ ਘਰੋਂ ਪੈਰ ਪੁੱਟ ਕੇ ਫਿਰ ਪਿਛੇ ਨਹੀਂ ਮੁੜਨਾ ਚਾਹੀਦਾ, ਅਗੇ ਭਾਵੇਂ ਕਿੰਨੀਆਂ ਹੀ ਔਕੜਾਂ ਹੋਣ॥ ੧੧੬॥

**ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ॥ ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ॥ ੧੧੭॥**

ਹੇ ਕਬੀਰ ! ਮਾਇਆ ਮੋਹ ਦੀ ਜਿਸ ਰੱਸੀ ਨਾਲ ਜਗਤ ਜੀਵ ਬੱਧੇ ਹੋਏ ਹਨ ਉਸ ਨਾਲ ਆਪ ਨੂੰ ਨਾ ਬੰਨ੍ਹ ਲਈਂ। ਜੇ ਇਸ ਤਰ੍ਹਾਂ ਕਰੇਂਗਾ ਤਾਂ ਇਹ ਸੋਨੇ ਵਰਗਾ ਸਰੀਰ (ਜੈਹਹਿ) ਚਲਿਆ ਜਾਏਗਾ। ਲੂਣ ਤੇ ਆਟੇ ਦੀ ਤਰ੍ਹਾਂ ਸਸਤੇ ਭਾਅ, ਬੇਅਰਥ ਹੀ ਚਲਿਆ ਜਾਏਗਾ॥ ੧੧੭॥

**ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ॥ ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ॥ ੧੧੮॥**

ਕਬੀਰ ਜੀ ਕਹਿੰਦੇ ਹਨ-ਜਦ ਜੀਵਾਤਮਾਂ ਨਿਕਲਣ ਵਾਲਾ ਹੈ, ਸਰੀਰ ਸਥਿਰ ਹੋ ਰਿਹਾ ਹੈ। ਫਿਰ ਭੀ ਸੈਂਨਤ ਇਸ਼ਾਰਿਆਂ ਨਾਲ ਹੀ ਸਨਬੰਧੀਆਂ ਨੂੰ ਕੁਝ ਰਖਿਆ ਰਖਾਇਆ ਸਮਝਾਉਂਦਾ ਹੈ। ਇਸ ਅੰਤ ਸਮੇਂ ਵੀ ਜੀਵ ਅੱਖਾਂ ਦੀ ਕੰਗਾਲਤਾ ਨਹੀਂ ਛਡਦਾ॥ ੧੧੮॥

**ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ ਤੁਅ ਨਾਉ ॥ ਬੈਨ ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ ॥੧੧੯॥**

ਕਬੀਰ ਜੀ ਕਹਿੰਦੇ ਹਨ-ਹੇ ਪ੍ਰਮਾਤਮਾ! ਮੈਂ ਅੱਖਾਂ ਨਾਲ ਤੈਨੂੰ ਵੇਖਦਾ ਰਹਾਂ, ਕੰਨਾਂ ਨਾਲ ਤੇਰਾ ਨਾਮ ਸੁਣਦਾ ਰਹਾਂ, ਬਚਨਾਂ ਕਰਕੇ ਜੀਭ ਨਾਲ ਤੇਰਾ ਨਾਮ ਲੈਂਦਾ ਰਹਾਂ ਅਤੇ ਤੇਰੇ ਚਰਨ ਕਮਲਾਂ ਨੂੰ ਆਪਣੇ ਹਿਰਦੇ ਵਿਚ ਥਾਂ ਦੇ ਕੇ ਵਸਾਵਾਂ॥ ੧੧੯॥

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥**

ਕਬੀਰ ਜੀ ਕਹਿੰਦੇ ਹਨ-ਨਰਕ ਸੁਰਗ ਤੋਂ ਮੈਂ ਬਚ ਗਿਆ ਹਾਂ। ਸਤਿਗੁਰੂ ਜੀ ਦੀ ਕ੍ਰਿਪਾ ਨਾਲ ਮੈਂ ਪ੍ਰਮਾਤਮਾ ਦੇ ਚਰਨ ਕਮਲਾਂ ਦੀ ਯਾਦ ਵਿਚ ਸਦਾ ਹੀ ਸ਼ੁਰੂ ਤੋਂ ਅੰਤ ਤੱਕ ਅਨੰਦ ਰਹਿੰਦਾ ਹਾਂ॥ ੧੨੦॥

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਦੇ ਚਰਨ ਕਮਲਾਂ ਦੇ ਅਨੰਦ ਨੂੰ ਮੈਂ ਕਿਸ ਤਰ੍ਹਾਂ ਅਨੁਮਾਨ ਨਾਲ ਦਸ ਸਕਦਾ ਹਾਂ ਕਿ ਕਿੰਨਾ ਕੁ ਅਨੰਦ ਹੈ। ਇਸ ਮੌਜ (ਅਨੰਦ) ਨੂੰ ਕਹਿਣਾ ਸੋਭਦਾ ਨਹੀਂ ਇਹ ਤਾਂ ਵੇਖਣ ਨਾਲ ਹੀ ਪਤਾ ਲੱਗ ਸਕਦਾ ਹੈ॥ ੧੨੧॥

**ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ**

**ਪਤੀਆਇ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥੧੨੨॥**

ਹੇ ਕਬੀਰ ! ਚਰਨ ਕਮਲਾਂ ਦੀ ਮੌਜ ਨੂੰ ਵੇਖ ਕੇ ਮੈਂ ਕਿਸਨੂੰ ਦਸਾਂ, ਕਿਉਂਕਿ ਦਸਣ ਨਾਲ ਕਿਸੇ ਨੂੰ ਤਸੱਲੀ ਨਹੀਂ ਹੁੰਦੀ। ਇਹ ਕਹਿਣਾ ਠੀਕ ਹੈ ਕਿ ਪ੍ਰਮਾਤਮਾ ਜੈਸਾ ਹੈ ਵੈਸਾ ਹੀ ਹੈ। ਇਸ ਕਰਕੇ ਮੈਂ ਉਸ ਦੇ ਗੁਣ ਗਾ ਗਾ ਕੇ ਖੁਸ਼ੀ ਵਿਚ ਟਿਕਿਆ ਰਹਿੰਦਾ ਹਾਂ॥ ੧੨੨॥

**ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ॥ ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ॥੧੨੩॥**

ਕਬੀਰ ਜੀ ਕਹਿੰਦੇ ਹਨ-ਕੂੰਜ ਚੋਗ ਚੁਗਦੀ ਹੈ ਅਤੇ ਆਪਣੇ ਬੱਚਿਆਂ ਨੂੰ ਯਾਦ ਰੱਖਦੀ ਹੈ ਅਤੇ ਫਿਰ ਚੁਗਦੀ ਹੈ, ਚੋਗਾ ਚੁਗਦੀ ਚੁਗਦੀ ਫਿਰ ਬੱਚਿਆਂ ਨੂੰ ਯਾਦ ਕਰਦੀ ਹੈ। ਜਿਸ ਤਰ੍ਹਾਂ ਬੱਚਿਆਂ ਦੀ ਯਾਦ ਕੂੰਜ ਦੇ ਮਨ ਵਿਚ ਰਹਿੰਦੀ ਹੈ ਇਸ ਤਰ੍ਹਾਂ ਹੀ ਪੁਰਸ਼ ਦੇ ਮਨ ਵਿਚ ਮਾਇਆ ਦੀ ਮਮਤਾ-ਅਪਣੱਤ ਲੱਗੀ ਰਹਿੰਦੀ ਹੈ॥ ੧੨੩॥

**ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ॥ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ॥੧੨੪॥**

ਕਬੀਰ ਜੀ ਕਹਿੰਦੇ ਹਨ-ਅਕਾਸ਼ ਵਿਚ ਬੱਦਲ ਛਾਇਆ (ਫੈਲਿਆ) ਹੋਇਆ ਹੈ। ਮੀਂਹ ਵਰ੍ਹ ਕੇ ਸਰੋਵਰ ਤੇ ਤਾਲ ਭਰ ਗਏ ਹਨ, ਪਰ ਪਪੀਹਾ ਫਿਰ ਵੀ ਟੀਂ ਟੀਂ ਕਰਦਾ ਤੇ ਇਕ ਬੂੰਦ

ਨੂੰ ਤਰਸਦਾ ਰਹਿੰਦਾ ਹੈ, ਪਰ ਜਿਹੜੇ ਸਰਬ ਸਰੋਵਰ ਰੂਪ ਵਿਆਪਕ ਪ੍ਰਮਾਤਮਾ ਨੂੰ ਛੱਡ ਕੇ ਮਾਇਆ ਪਿਛੇ ਤਰਸਦੇ ਫਿਰਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ, ਉਹ ਕਦੀ ਤ੍ਰਿਪਤ ਨਹੀਂ ਹੋ ਸਕਦੇ॥ ੧੨੪॥

**ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥ ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ॥੧੨੫॥**

ਕਬੀਰ ਜੀ ਕਹਿੰਦੇ ਹਨ-ਚਕਵੀ ਜਿਹੜੀ ਆਪਣੇ ਚਕਵੇ ਮਾਲਕ ਨਾਲੋਂ ਰਾਤ ਨੂੰ ਵਿਛੜ ਜਾਂਦੀ ਹੈ, ਉਹ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਚਕਵੇ ਨੂੰ ਆ ਮਿਲਦੀ ਹੈ। ਪਰ ਜਿਹੜੇ ਪੁਰਸ਼ ਅਗਿਆਨ ਦੇ ਅੰਧੇਰੇ ਕਰਕੇ ਪ੍ਰਮਾਤਮਾ ਨਾਲੋਂ ਵਿਛੜੇ ਹਨ, ਉਹ ਨਾ ਦਿਨ ਸਮੇਂ ਉਸ ਨੂੰ ਮਿਲਦੇ ਹਨ ਅਤੇ ਨਾ ਰਾਤ ਨੂੰ। ਅਰਥਾਤ ਉਹ ਕਿਸੇ ਸਮੇਂ ਵੀ ਹਰੀ ਸਿਮਰਨ ਵਿਚ ਨਹੀਂ ਜੁੜਦੇ॥ ੧੨੫॥

**ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ॥ ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ॥੧੨੬॥**

ਕਬੀਰ ਜੀ ਕਹਿੰਦੇ ਹਨ, ਸਮੁੰਦਰ (ਰੈਨਾਇਰ) ਤੋਂ ਵਿਛੜੇ ਹੋਏ, ਹੇ ਸੰਖ ! ਤੂੰ ਸਮੁੰਦਰ ਦੇ ਵਿਚ (ਮਝੂਰਿ) ਹੀ ਰਹੋ। ਨਹੀਂ ਤਾਂ ਮੰਦਰ ਵਿਚ ਸੂਰਜ ਚੜ੍ਹਨ ਸਾਰ ਹੀ ਧਾਹਾਂ ਮਾਰੇਂਗਾ॥ ੧੨੬॥

**ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ॥ ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ**

ਸੁਖ ॥ ੧੨੭ ॥

ਹੇ ਕਬੀਰ ! (ਮਾਇਆ ਮੋਹ ਵਿਚ) ਸੁੱਤਾ ਹੋਇਆ ਕੀ ਕਰ ਰਿਹਾ ਹੈਂ ? ਸੁਚੇਤ ਹੋ ਕੇ ਉੱਠ ਅਤੇ ਸੰਸਾਰ ਦੇ ਦੁਖਾਂ ਨੂੰ ਯਾਦ ਕਰਕੇ ਰੋ, ਅਰਥਾਤ ਪਸਚਾਤਾਪ ਕਰ ਕਿ ਅਗਿਆਨ ਦੀ ਨੀਂਦ ਵਿਚ ਰਾਤ (ਉਮਰ) ਬਤੀਤ ਹੋ ਰਹੀ ਹੈ॥ ੧੨੭॥

**ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥ ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥ ੧੨੮ ॥**

ਹੇ ਕਬੀਰ ! ਤੂੰ ਅਗਿਆਨ ਦੀ ਨੀਂਦ ਵਿਚ ਸੁੱਤਾ ਹੋਇਆ ਕੀ ਕਰ ਰਿਹਾ ਹੈਂ। ਉੱਠ ਕੇ ਸੁਚੇਤ ਹੋ ਕੇ ਪ੍ਰਮਾਤਮਾ ਨੂੰ ਕਿਉਂ ਨਹੀਂ ਜਪਦਾ? ਇਕ ਦਿਨ ਅੰਤ ਨੂੰ ਤੇਰਾ ਲੰਮੇ ਗੋਡੇ ਪਸਾਰ ਕੇ ਸੌਣਾ ਹੋਵੇਗਾ ਅਤੇ ਹੁਣ ਸਮਾਂ ਨਾ ਗਵਾ, ਉੱਠ ਸਿਮਰਨ ਕਰ॥ ੧੨੮॥

**ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥ ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥ ੧੨੯ ॥**

ਹੇ ਕਬੀਰ ! ਸੁੱਤਾ ਹੋਇਆ ਕੀ ਕਰ ਰਿਹਾ ਹੈਂ, ਬੇਅਰਥ ਸਮਾਂ ਗਵਾ ਰਿਹਾ ਹੈਂ, ਸੁਚੇਤ ਹੋ ਕੇ ਬੈਠ ਅਤੇ ਜਿਸ ਪ੍ਰਭੂ ਨਾਲੋਂ ਵਿਛੜਿਆ ਹੋਇਆ ਹੈਂ ਉਸ ਦੇ ਧਿਆਨ ਵਿਚ ਹੀ ਲਗ ਜਾਹ, ਲਿਵਲੀਨ ਹੋ ਜਾਹ॥ ੧੨੯॥

**ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥ ਪੇਖਤ ਹੀ ਪੁੰਨੀਤ ਹੋਇ ਭੇਟਤ**

**ਜਪੀਐ ਨਾਉ ॥੧੩੦॥**

ਹੇ ਕਬੀਰ ! ਐਸੇ ਸੰਤਾਂ ਦਾ ਰਸਤਾ ਨਹੀਂ ਛਡਣਾ ਚਾਹੀਦਾ ਉਸ ਉਤੇ ਤੁਰੀ ਜਾਣਾ ਚਾਹੀਦਾ ਹੈ। ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਪਵਿਤ੍ਰ ਹੋ ਜਾਂਦਾ ਹੈ ਅਤੇ ਮਿਲ ਕੇ ਪ੍ਰਮਾਤਮਾ ਦਾ ਨਾਮ ਜਪਦਾ ਹੈ॥ ੧੩੦॥

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਵਲੋਂ ਬੇਮੁਖਾਂ ਦੀ ਸੰਗਤ ਕਦੇ ਨਾ ਕਰੀਏ, ਉਨ੍ਹਾਂ ਤੋਂ ਦੂਰ ਹੀ ਭੱਜ ਜਾਈਏ, ਕਿਉਂਕਿ ਜਿਸ ਤਰ੍ਹਾਂ ਕਾਲੇ ਭਾਂਡੇ ਨੂੰ ਛੂਹਣ ਕਰਕੇ ਕੁਝ ਨ ਕੁਝ ਕਾਲਾ ਦਾਗ ਲੱਗ ਹੀ ਜਾਂਦਾ ਹੈ, ਇਸ ਤਰ੍ਹਾਂ ਮਨਮੁਖਾਂ ਦੀ ਸੰਗਤ ਕਰਨ ਨਾਲ ਮਨ ਉੱਤੇ ਉਨ੍ਹਾਂ ਦੀ ਬੁਰੀ ਕਰਨੀ ਦਾ ਥੋੜ੍ਹਾ ਬਹੁਤ ਪ੍ਰਭਾਵ ਪੈ ਜਾਂਦਾ ਹੈ॥ ੧੩੧॥

**ਕਬੀਰਾ ਰਾਮੁ ਨ ਚੇਤਿਓ ਜਰਾ ਪਹੂੰਚਿਓ ਆਇ ॥ ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ ॥੧੩੨॥**

ਹੇ ਕਬੀਰ ! ਤੂੰ ਰਾਮ ਦਾ ਸਿਮਰਨ ਨਹੀਂ ਕੀਤਾ ਤੇ ਬੁਢੇਪਾ ਆਣ ਕੇ ਪਹੁੰਚ ਗਿਆ ਹੈ। ਸਰੀਰ ਰੂਪ ਮੰਦਰ ਦੇ ਬੂਹੇ ਨੂੰ ਅੱਗ ਲੱਗੀ ਹੈ। ਜਦ ਘਰ ਦੇ ਬੂਹੇ ਨੂੰ ਅੱਗ ਲੱਗ ਜਾਵੇ ਤਾਂ ਫਿਰ ਹੁਣ ਉਸ ਘਰ ਵਿਚੋਂ ਕੀ ਕਢਿਆ ਜਾ ਸਕਦਾ ਹੈ। ਭਾਵ ਫਿਰ ਕੁਝ ਵੀ ਕਢਿਆ ਨਹੀਂ ਜਾ ਸਕਦਾ। ਜਦ ਜਵਾਨੀ ਸਮੇਂ ਪ੍ਰਮਾਤਮਾ

ਦਾ ਭਜਨ ਸਿਮਰਨ ਨਾ ਕੀਤਾ ਅਤੇ ਬੁਢਾਪੇ ਨੇ ਆਣ ਕੇ ਸਾਰੇ ਸਰੀਰ ਦੇ ਅੰਗਾਂ ਪਤੰਗਾਂ ਨੂੰ ਨਿਰਬਲ ਕਰ ਦਿਤਾ, ਤਾਂ ਫਿਰ ਸਿਮਰਨ ਕਿਸ ਤਰ੍ਹਾਂ ਹੋ ਸਕੇਗਾ? ਫਿਰ ਤਾਂ ਏਹੀ ਦਸ਼ਾ ਹੁੰਦੀ ਹੈ- 'ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ' ॥ ੧੩੨ ॥

**ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ ॥ ਤਿਸੁ ਬਿਨੁ ਦੂਸਰੁ ਕੋ ਨਹੀ ਏਕੈ ਸਿਰਜਨਹਾਰੁ ॥ ੧੩੩ ॥**

ਕਬੀਰ ਜੀ ਕਹਿੰਦੇ ਹਨ-ਉਹੀ ਕਾਰਨ ਹੁੰਦਾ ਹੈ, ਜਿਹੜਾ ਪ੍ਰਮਾਤਮਾ ਆਪ ਕਰੇ। ਉਸ ਪ੍ਰਮਾਤਮਾ ਤੋਂ ਬਿਨਾਂ ਹੋਰ ਦੂਸਰਾ ਕੋਈ ਨਹੀਂ, ਉਹੀ ਇਕ ਸਿਰਜਨਹਾਰ ਕਾਰਨ (ਸਬੱਬ) ਬਨਾਉਣ ਵਾਲਾ ਹੈ॥ ੧੩੩ ॥

**ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥ ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ ॥ ੧੩੪ ॥**

ਕਬੀਰ ਜੀ ਕਹਿੰਦੇ ਹਨ-ਅੰਬ ਦੇ ਬ੍ਰਿੱਛ ਨੂੰ ਫੁੱਲ ਫਲ (ਲੱਗਣ ਲੱਗਦੇ ਹਨ ਅਤੇ ਫਿਰ ਉਹ) ਪੱਕਣ ਲੱਗ ਪੈਂਦੇ ਹਨ। ਪੱਕ ਕੇ ਉਹੀ ਮਾਲਕ ਨੂੰ ਪਹੁੰਚਦੇ ਹਨ, ਜਿਨ੍ਹਾਂ ਨੂੰ ਇਸ ਸਮੇਂ ਵਿਚ ਕੋਈ ਦਾਗ ਨਹੀਂ ਲੱਗਦਾ। ਜੈਸਾ ਕਿ ਤੋਤੇ ਅਤੇ ਗਾਲੜਾਂ ਆਦਿ ਦੇ ਟੁਕਣ ਨਾਲ ਅਤੇ ਹਨ੍ਹੇਰੀ ਆਦਿ ਨਾਲ ਹੇਠਾਂ ਡਿੱਗ ਕੇ ਅੰਬ ਦਾਗੀ ਹੋ ਜਾਂਦੇ ਹਨ, ਇਨ੍ਹਾਂ ਦਾਗੀ ਅੰਬਾਂ ਨੂੰ ਬਾਗ ਦਾ ਮਾਲੀ ਛਾਂਟ ਕੇ ਉਥੇ ਹੀ ਛੱਡ ਜਾਂਦਾ ਹੈ ਤੇ ਸਾਫ ਸੁਥਰਿਆਂ ਨੂੰ ਮਾਲਕ ਪਾਸ ਪਹੁੰਚਾ ਦੇਂਦਾ ਹੈ। ਇਸ ਤਰ੍ਹਾਂ ਹੀ ਜਦ ਪੁਰਸ਼ ਦੇ

ਮੰਦੇ ਕਰਮ ਉਸ ਨੂੰ ਦਾਗੀ ਕਰ ਦੇਂਦੇ ਹਨ, ਤਾਂ ਉਹ ਪ੍ਰਮਾਤਮਾ ਦੀ ਦਰਗਾਹ ਵਿਚ ਜਾਣ ਦੀ ਥਾਂ, ਏਧਰ ਓਧਰ ਜੂਨਾਂ ਵਿਚ ਭਟਕਦਾ ਰਹਿੰਦਾ ਹੈ॥ ੧੩੪॥

**ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥ ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ॥੧੩੫॥**

ਕਬੀਰ ਜੀ ਕਹਿੰਦੇ ਹਨ, ਮੁੱਲ ਲੈ ਕੇ (ਪੱਥਰ ਦੀ ਮੂਰਤੀ) ਠਾਕੁਰ ਨੂੰ ਪੂਜਦੇ ਹਨ ਅਤੇ ਮਨ ਦੇ ਹੱਠ ਕਰਕੇ ਤੀਰਥ ਕਰਨ ਜਾਂਦੇ ਹਨ। ਇਕ ਦੂਜੇ ਨੂੰ ਵੇਖ ਕੇ ਸਾਂਗ ਬਣਾ ਕੇ ਇਹ ਭੁਲੇ ਹੋਏ ਲੋਕ ਭਟਕਦੇ ਹਨ॥ ੧੩੫॥

**ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥ ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥੧੩੬॥**

ਕਬੀਰ ਜੀ ਕਹਿੰਦੇ ਹਨ-ਪੱਥਰ ਨੂੰ ਪ੍ਰਮੇਸ਼ਰ ਮੰਨਕੇ ਸਾਰਾ ਸੰਸਾਰ ਉਸ ਦੀ ਪੂਜਾ ਕਰਦਾ ਹੈ ਪਰ ਜਿਹੜਾ ਇਸ ਭਰਵਾਸੇ ਵਿਚ ਰਹੇਗਾ ਕਿ ਪੱਥਰ ਪੂਜਣ ਨਾਲ ਉਸ ਦੀ ਗਤੀ ਹੋ ਜਾਵੇਗੀ ਉਸ ਨੂੰ ਡੂੰਘੇ ਪਾਣੀ ਵਿਚ ਡੁਬਿਆ ਸਮਝੋ॥ ੧੩੬॥

**ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ॥ ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ॥੧੩੭॥**

ਕਬੀਰ ਜੀ ਕਹਿੰਦੇ ਹਨ-ਕਾਗਜ਼ (ਧਰਮ ਸ਼ਾਸਤਰਾਂ) ਦੀ

ਓਬਰੀ (ਕੈਦਖਾਨੇ ਦੀ ਇਕ ਕੋਠੜੀ) ਹੈ। ਸਿਆਹੀ ਦੇ (ਕਰਮ) ਅੱਖਰ ਜੋ ਹਨ ਇਹ (ਕਪਾਟ) ਤਖਤੇ ਲੱਗੇ ਹੋਏ ਹਨ, ਉਸ ਕਾਗਜ਼ਾਂ ਦੀ ਕੋਠੜੀ ਨੂੰ ਪੱਥਰ ਦੀਆਂ ਮੂਰਤੀਆਂ ਨੇ ਪ੍ਰਿਥਵੀ ਦੇ ਪੁਰਸ਼ਾਂ ਨੂੰ ਸੰਸਾਰ ਸਮੁੰਦਰ ਵਿਚ ਡੋਬ ਦਿਤਾ ਹੈ ਅਤੇ ਪੰਡਤ ਰਸਤਾ ਪਾੜ, ਭਾਵ ਰਾਹ ਜਾਂਦਿਆਂ ਨੂੰ ਲੁੱਟ ਰਹੇ ਹਨ। ਅਰਥਾਤ-ਸਾਧਾਰਨ ਲੋਕਾਂ ਨੂੰ ਸ਼ਾਸ਼ਤਰਾਂ ਦੇ ਲਿਖੇ ਹੋਏ ਕਰਮ ਕਾਂਡਾਂ ਅਤੇ ਮੂਰਤੀ ਪੂਜਾ ਵਿਚ ਲਾ ਕੇ ਦੱਛਣਾ ਦਾਨ ਲੈ ਕੇ ਉੱਪਰ ਅਪੜਨ ਹੀ ਨਹੀਂ ਦੇਂਦੇ ਉਰੇ ਰਾਹ ਵਿਚ ਲੁੱਟ ਲੈਂਦੇ ਹਨ॥ ੧੩੭॥

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥੧੩੮॥**

ਹੇ ਕਬੀਰਾ ! ਜੋ ਭਲਕੇ ਕਰਨਾ ਹੈ ਉਹ ਅੱਜ ਹੀ ਕਰ ਅਤੇ ਜੋ ਅੱਜ ਕਰਨਾ ਹੈ ਉਹ ਤਤ ਛਿਨ ਹੀ ਕਰ। ਫਿਰ ਪਿਛੋਂ ਕੁਝ ਨਹੀਂ ਹੋ ਸਕਦਾ ਜਦੋਂ ਸਿਰ ਉਤੇ ਮੌਤ ਆ ਜਾਂਦੀ ਹੈ॥ ੧੩੮॥

**ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ॥ ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ॥੧੩੯॥**

ਕਬੀਰ ਜੀ ਕਹਿੰਦੇ ਹਨ-ਇਕ ਐਸਾ ਪੁਰਸ਼ ਵੇਖਿਆ ਹੈ ਜਿਸ ਤਰ੍ਹਾਂ ਦੀ ਧੋਤੀ ਹੋਈ ਲਾਖ ਹੁੰਦੀ ਹੈ, ਜੋ ਬਾਹਰੋਂ ਬੜੀ ਚਮਕਦੀ ਹੈ ਤੇ ਵਿਚੋਂ ਕਾਲੀ ਹੁੰਦੀ ਹੈ। ਐਸਾ ਪੁਰਸ਼ ਵੇਖਣ ਨੂੰ ਭਾਵੇਂ ਬਹੁਤ ਹੀ ਚਤੁਰ ਚਾਲਾਕ ਜਾਪਦਾ ਹੈ ਪਰ ਉਹ ਅੰਦਰੋਂ

ਬੁਧੀ-ਹੀਨ ਤੇ ਅਪਵਿਤ੍ਰ ਹੁੰਦਾ ਹੈ, ਜੋ ਪ੍ਰਭੂ ਭਗਤੀ ਅਤੇ ਸਿਮਰਨ ਨਹੀਂ ਕਰਦਾ॥ ੧੩੯॥

**ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ॥ ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ॥੧੪੦॥**

ਕਬੀਰ ਜੀ ਕਹਿੰਦੇ ਹਨ-ਮੇਰੀ ਬੁੱਧੀ ਦੀ ਜਮਰਾਜ ਭੀ ਨਿਰਾਦਰੀ ਨਹੀਂ ਕਰ ਸਕਦਾ। ਮੈਂ ਉਸ ਪਾਲਣਾ ਕਰਨ ਵਾਲੇ ਪ੍ਰਭੂ ਨੂੰ ਸਿਮਰਿਆ ਹੈ ਜਿਸ ਨੇ ਜਮ ਨੂੰ ਪੈਦਾ ਕੀਤਾ ਹੈ॥ ੧੪੦॥

**ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ॥ ਜਿਉ ਜਿਉ ਭਗਤਿ ਕਬੀਰ ਕੀ ਤਿਉ ਤਿਉ ਰਾਮ ਨਿਵਾਸ॥੧੪੧॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਕਸਤੂਰੀ ਰੂਪ ਹੈ ਅਤੇ ਉਸ ਦੇ ਸਾਰੇ ਭਗਤ ਭੌਰਿਆਂ ਸਮਾਨ ਹਨ। ਜਿਵੇਂ ਜਿਵੇਂ ਦਾਸ, ਪ੍ਰਭੂ ਦੀ ਭਗਤੀ ਕਰਦੇ ਹਨ, ਤਿਉ, ਤਿਉਂ ਉਹਨਾਂ ਦੇ ਮਨ ਵਿਚ ਪ੍ਰਭੂ ਦਾ ਨਿਵਾਸ ਹੁੰਦਾ ਜਾਂਦਾ ਹੈ॥ ੧੪੧॥

**ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ॥ ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ॥੧੪੨॥**

ਕਬੀਰ ਜੀ ਕਹਿੰਦੇ ਹਨ-ਪੁਰਸ਼ ਆਪਣੇ ਪੁੱਤਰ ਇਸਤਰੀ ਆਦਿ ਕੁਟੰਬੀਆਂ ਦੇ ਘਮਸਾਣ ਵਿਚ ਪਿਆ ਰਹਿੰਦਾ ਹੈ ਅਤੇ ਪ੍ਰਮਾਤਮਾ ਦੇ ਭਜਨ ਸਿਮਰਨ ਦੀ ਯਾਦ ਲਾਂਭੇ (ਇਕ ਪਾਸੇ ਹੀ)

ਰਹਿ ਜਾਂਦੀ ਹੈ। ਇਸ ਰੌਲੇ ਰੱਪੇ ਵਿਚ ਹੀ ਧਰਮਰਾਜ ਦੇ ਦੂਤ ਆ ਪਹੁੰਚਦੇ ਹਨ। (ਰਾਮ ਨਾਮ ਸਤ ਹੋਣ ਲੱਗ ਪੈਂਦੀ ਹੈ)॥ ੧੪੨॥

**ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥ ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥ ੧੪੩ ॥**

ਹੇ ਕਬੀਰ ! ਵਾਹਿਗੁਰੂ ਵਲੋਂ ਬੇਮੁਖ ਪੁਰਸ਼ ਨਾਲੋਂ ਸੂਰ ਚੰਗਾ ਹੈ ਜਿਹੜਾ ਵਿਸ਼ਟਾ ਗੰਦਗੀ ਖਾ ਕਰਕੇ ਗਾਉਂ ਨੂੰ ਸਾਫ ਰੱਖਦਾ ਹੈ। ਪਰ ਬੇਮੁਖ ਪੁਰਸ਼ ਜਦੋਂ ਮਰ ਜਾਂਦਾ ਹੈ ਤਾਂ ਕੋਈ ਵੀ ਉਸ ਦਾ ਨਾਮ ਨਹੀਂ ਲੈਂਦਾ, ਕਿਉਂਕਿ ਉਸ ਨੇ ਕੋਈ ਚੰਗਿਆਈ ਨਹੀਂ ਕੀਤੀ ਹੁੰਦੀ, ਸਗੋਂ ਦੁਖ ਦੇ ਕੇ ਗੰਦ ਹੀ ਖਿਡਾਇਆ ਹੁੰਦਾ ਹੈ॥ ੧੪੩॥

**ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥ ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥ ੧੪੪ ॥**

ਕਬੀਰ ਜੀ ਕਹਿੰਦੇ ਹਨ-ਕੌਡੀ ਕੌਡੀ ਇਕੱਠੀ ਕਰਕੇ ਲੱਖਾਂ ਤੇ ਕਰੋੜਾਂ ਜੋੜ ਲਏ। ਪਰ ਅੰਤ ਸਮੇਂ ਇਸ ਸੰਸਾਰ ਤੋਂ ਅੱਗੇ ਚਲਣ ਲੱਗੇ ਕੁਝ ਵੀ ਨਾ ਮਿਲਿਆ, ਏਥੋਂ ਤੱਕ ਕਿ ਲੱਕ ਨਾਲ ਬੱਧੀ ਹੋਈ ਉਸ ਦੀ ਲੰਗੋਟੀ ਵੀ ਤੋੜ (ਉਤਾਰ) ਲਈ॥ ੧੪੪॥

**ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ ॥ ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ ॥ ੧੪੫ ॥**

ਕਬੀਰ ਜੀ ਕਹਿੰਦੇ ਹਨ-ਵਿਸ਼ਨੂੰ ਦਾ ਭਗਤ ਹੋ ਗਿਆ ਤਾਂ

ਕੀ ਹੋਇਆ, ਗਲ ਵਿਚ ਚਾਰ ਮਾਲਾ ਇਕੱਠੀਆਂ ਕਰਕੇ ਪਾ ਲਈਆਂ ਬਾਹਰੋਂ ਤਾਂ ਉਹ ਬਾਰਾਂ ਵੰਨੀ ਦਾ ਸ਼ੁਧ ਸੋਨਾ ਜਾਪਦਾ ਹੈ, ਪਰ ਮਨ ਅੰਦਰ ਮੈਲ (ਲਾਖ) ਭਰੀ ਹੋਈ ਹੁੰਦੀ ਹੈ, ਜੋ ਬੁਰੇ ਕਰਤੱਵਾਂ ਦਾ ਸੰਕੇਤ ਹੁੰਦਾ ਹੈ॥ ੧੪੫॥

**ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥ ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥ ੧੪੬॥**

ਹੇ ਕਬੀਰ! ਤੂੰ ਰਸਤੇ ਦਾ ਰੋੜਾ ਹੋ ਰਹੋ, ਆਪਣੇ ਮਨ ਦਾ ਹੰਕਾਰ ਛਡ ਦੇਹ, ਕਿਉਂਕਿ ਜੇ ਕੋਈ ਅਜਿਹਾ ਦਾਸ ਹੋਵੇ, ਤਾਂ ਉਸ ਨੂੰ ਹੀ ਪ੍ਰਮਾਤਮਾ ਮਿਲਦਾ ਹੈ॥ ੧੪੬॥

**ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥ ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥ ੧੪੭॥**

ਕਬੀਰ ਜੀ ਕਹਿੰਦੇ ਹਨ, ਜੇ ਰਸਤੇ ਦਾ ਰੋੜਾ ਹੋ ਗਿਆ ਤਾਂ ਕੀ ਹੋਇਆ, ਉਹ ਰਾਹੀ ਦੇ ਪੈਰਾਂ ਨੂੰ ਚੁਭੇਗਾ ਤੇ ਦੁਖ ਦੇਵੇਗਾ, ਪ੍ਰਮਾਤਮਾ ਦਾ ਦਾਸ ਅਜਿਹਾ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਪ੍ਰਿਥਵੀ ਉਤੇ ਮਿਟੀ ਹੁੰਦੀ ਹੈ॥ ੧੪੭॥

**ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥ ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥ ੧੪੮॥**

ਕਬੀਰ ਜੀ ਕਹਿੰਦੇ ਹਨ-ਮਿੱਟੀ ਵੀ ਹੋ ਗਈ ਤਾਂ ਕੀ

ਹੋਇਆ, ਜੋ ਉੱਡ ਉੱਡ ਕੇ ਸਰੀਰ ਦੇ ਅੰਗਾਂ ਨੂੰ ਲੱਗ ਕੇ ਮੈਲਾ ਕਰ ਦੇਂਦੀ ਹੈ। ਇਸ ਕਰਕੇ ਹਰੀ ਦਾ ਦਾਸ ਭਗਤ ਐਸਾ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਪਾਣੀ ਹੈ ਜੋ ਸਾਰੇ ਅੰਗਾਂ ਨਾਲ ਮੇਲ ਰੱਖਦਾ ਹੈ॥ ੧੪੮॥

**ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥ ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥**

ਕਬੀਰ ਜੀ ਕਹਿੰਦੇ ਹਨ-ਪਾਣੀ ਵਰਗਾ ਵੀ ਹੋ ਗਿਆ ਤਾਂ ਕੀ ਹੋਇਆ। ਪਾਣੀ ਠੰਢਾ ਤੇ ਤੱਤਾ ਹੋ ਜਾਂਦਾ ਹੈ। ਪ੍ਰਮਾਤਮਾ ਦਾ ਭਗਤ ਐਸਾ ਹੋਣਾ ਚਾਹੀਦਾ ਹੈ ਕਿ ਹਰੀ ਵਰਗਾ (ਉਸ ਦਾ ਰੂਪ) ਹੀ ਹੋ ਜਾਵੇ॥ ੧੪੯॥

**ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ॥ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ॥੧੫੦॥**

ਕਬੀਰ ਜੀ ਕਹਿੰਦੇ ਹਨ-ਉਚੇ ਮਹਿਲ ਮਾੜੀਆਂ, ਸੋਨਾਂ ਅਥਵਾ ਧਨ ਸੰਪਦਾ ਅਤੇ ਸੁੰਦਰ ਇਸਤਰੀ ਹੋਵੇ ਅਤੇ ਘਰ ਦੀ ਚੋਟੀ ਉਤੇ ਝੰਡਾ ਝੂਲਦਾ ਹੋਵੇ (ਪਰ ਜੇ ਇਥੇ ਪ੍ਰਭੂ ਗੁਣ ਨਾ ਗਾਏ ਜਾਂਦੇ ਹੋਣ) ਤਾਂ ਇਸ ਨਾਲੋਂ ਭਿਖਿਆ ਦੀ ਮੰਗੀ ਰੋਟੀ ਚੰਗੀ ਹੈ, ਜਿਸਨੂੰ ਖਾ ਕੇ ਪੁਰਸ਼ ਸੰਤਾਂ ਦੀ ਸੰਗਤ ਵਿਚ ਬੈਠ ਕੇ ਪ੍ਰਭੂ ਦੇ ਗੁਣ ਗਾਉਂਦਾ ਹੈ॥ ੧੫੦॥

**ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ॥ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ**

**ਭਾਂਇ ॥ ੧੫੧ ॥**

ਹੇ ਕਬੀਰ ! ਸ਼ਹਿਰ ਨਾਲੋਂ ਉਜਾੜ ਚੰਗੀ ਹੈ ਜਿਥੇ ਪ੍ਰਮਾਤਮਾ ਦੇ ਭਗਤ ਉਸ ਦੇ ਗੁਣ ਗਾਉਂਦੇ ਹਨ। ਪ੍ਰਮਾਤਮਾ ਦੇ ਪ੍ਰੇਮ ਤੋਂ ਬਿਨਾਂ ਜਿਹੜਾ ਅਸਥਾਨ ਹੈ, ਉਹ ਮੇਰੇ ਭਾ (ਵਿਚਾਰ) ਦਾ ਜਮਾਂ ਦੀ ਪੁਰੀ ਨਰਕ ਸਮਾਨ ਹੈ॥ ੧੫੧ ॥

**ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ ॥ ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥ ੧੫੨ ॥**

ਕਬੀਰ ਜੀ ਕਹਿੰਦੇ ਹਨ-ਗੰਗਾ ਜਮਨਾ ਦੇ ਅੰਦਰ ਜਿਥੇ ਮਨ ਦੀ ਅਡੋਲ ਅਵਸਥਾ ਰਹਿੰਦੀ ਹੈ ਅਤੇ (ਸੁੰਨ) ਮਾਇਆ ਦੇ ਫੁਰਨੇ ਨਹੀਂ ਉੱਠਦੇ, ਉਸ (ਘਾਟ) ਟਿਕਾਣੇ ਉਤੇ, ਕਬੀਰ ਜੀ ਨੇ ਨਿਵਾਸ ਕੀਤਾ ਹੈ, ਜਿਸ ਰਸਤੇ ਨੂੰ ਮੁਨੀ ਜਨ ਲੱਭਦੇ ਹਨ॥ ੧੫੨ ॥

**ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥ ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥ ੧੫੩ ॥**

ਕਬੀਰ ਜੀ ਕਹਿੰਦੇ ਹਨ-ਜੈਸੀ ਕੋਮਲਤਾ ਤੇ ਨਵੀਨਤਾ ਨਵੇਂ ਉੱਗੇ ਬੂਟੇ ਵਿਚ ਹੁੰਦੀ ਹੈ, ਜੇ ਐਸੀ ਹੀ ਅੰਤ ਤੱਕ ਬਣੀ ਰਹੇ ਤਾਂ ਫਿਰ ਇਕ ਹੀਰਾ ਕੀ ਵਿਚਾਰਾ ਹੈ, ਉਸ ਨੂੰ ਕ੍ਰੋੜਾਂ ਰਤਨ ਵੀ ਨਹੀਂ ਪੁਜ ਸਕਦੇ, ਭਾਵ ਉਸ ਦੀ ਬਰਾਬਰੀ ਨਹੀਂ ਕਰ ਸਕਦੇ॥ ੧੫੩ ॥

**ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥ ਬਨਜਨਹਾਰੇ ਬਾਹਰਾ ਕਉਡੀ ਬਦਲੈ**

**ਜਾਇ ॥ ੧੫੪ ॥**

ਕਬੀਰ ਜੀ ਕਹਿੰਦੇ ਹਨ-ਮੈਂ ਇਕ ਅਸਚਰਜ ਗੱਲ ਵੇਖੀ ਹੈ ਕਿ ਹੀਰਾ ਹੱਟੀ ਹੱਟੀ ਵਿਕ ਰਿਹਾ ਹੈ ਪਰ ਉਸਦੇ ਪਾਰਖੂ ਜੌਹਰੀ ਤੋਂ ਬਿਨਾਂ ਉਹ ਇਕ ਕੌਡੀ ਦੇ ਭਾ ਜਾ ਰਿਹਾ ਹੈ। ਇਹ ਮਨੁੱਖਾ ਜਨਮ ਇਕ ਹੀਰੇ ਦੇ ਸਮਾਨ ਅਮੋਲਕ ਹੈ। ਜਿਹੜੇ ਇਸ ਨੂੰ ਪ੍ਰਭੂ ਭਗਤੀ ਵਿਚ ਨਹੀਂ ਲਾਉਂਦੇ ਉਹ ਮਾਇਆ ਦੇ ਵਿਹਾਰਾਂ ਕਾਰਾਂ ਵਿਚ ਇਸ ਨੂੰ ਅਜਾਈਂ ਗਵਾ ਲੈਂਦੇ ਹਨ॥ ੧੫੪ ॥

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ ੧੫੫ ॥**

ਕਬੀਰ ਜੀ ਕਹਿੰਦੇ ਹਨ-ਜਿਥੇ ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ ਬਖਸ਼ਿਸ਼ ਦਾ ਗਿਆਨ ਹੋਵੇ ਉਥੇ ਧਰਮ ਦਾ ਪੱਖ ਹੁੰਦਾ ਹੈ, ਅਤੇ ਜਿਥੇ ਝੂਠ ਹੈ ਉਥੇ ਪਾਪ ਦਾ ਪੱਖ ਪ੍ਰਧਾਨ ਹੁੰਦਾ ਹੈ। ਫਿਰ ਜਿਥੇ ਲੋਭ ਲਾਲਚ ਹੋਵੇ ਉਥੇ (ਕਾਲ) ਅਧਿਆਤਮਿਕ ਮੌਤ ਹੁੰਦੀ ਹੈ ਅਤੇ ਜਿਸ ਹਿਰਦੇ ਵਿਚ ਦਇਆ ਭਾਵ ਹੋਵੇ ਉਥੇ ਪ੍ਰਮਾਤਮਾ ਦਾ ਆਪਣਾ ਨਿਵਾਸ ਹੁੰਦਾ ਹੈ॥ ੧੫੫ ॥

**ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥ ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥ ੧੫੬ ॥**

ਹੇ ਕਬੀਰ ! ਮਾਇਆ ਤਿਆਗ ਦਿੱਤੀ ਤਾਂ ਕੀ ਹੋਇਆ, ਜੇਕਰ ਮਨ ਦਾ ਹੰਕਾਰ ਨਹੀਂ ਤਿਆਗਿਆ ਜਾਂਦਾ। ਕਿਉਂਕਿ ਵੱਡੇ ਮੁਨੀ ਤੇ ਰਿਖੀ ਇਸ ਹੰਕਾਰ ਵਿਚ ਹੀ ਗਲ (ਨਾਸ਼ ਹੋ) ਜਾਂਦੇ

ਹਨ ਅਤੇ ਇਹ ਹੰਕਾਰ ਹੀ ਸਭ ਪ੍ਰਾਣੀ ਮਾਤਰ ਨੂੰ ਖਾ ਜਾਂਦਾ (ਨਸ਼ਟ ਕਰ ਦੇਂਦਾ) ਹੈ॥ ੧੫੬॥

**ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥ ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ॥੧੫੭॥**

ਕਬੀਰ ਜੀ ਕਹਿੰਦੇ ਹਨ-ਮੈਨੂੰ ਸੱਚਾ (ਪੂਰਾ) ਸਤਿਗੁਰੂ ਮਿਲਿਆ, ਉਸ ਨੇ ਮੈਨੂੰ ਇਕ ਰਾਮ ਦਾ ਉਪਦੇਸ਼ ਬਾਣ ਮਾਰਿਆ, ਜਿਸ ਦੇ ਲੱਗਣ ਸਾਰ ਹੀ ਮੈਂ ਧਰਤੀ ਨਾਲ ਮਿਲ ਗਿਆ (ਅਰਥਾਤ ਮੇਰੇ ਮਨ ਵਿਚ ਨਿੰਮਰਤਾ ਆ ਗਈ) ਮੇਰਾ ਹਿਰਦਾ ਗੁਰੂ ਪਰੇਮ ਵਿਚ ਵਿੰਨਿਆ ਗਿਆ॥ ੧੫੭॥

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥੧੫੮॥**

ਕਬੀਰ ਜੀ ਕਹਿੰਦੇ ਹਨ-ਸੱਚਾ ਸਤਿਗੁਰੂ ਕੀ ਕਰ ਸਕਦਾ ਹੈ, ਜੇਕਰ ਚੇਲਿਆਂ (ਸਿੱਖਾਂ) ਵਿਚ ਹੀ ਊਣਤਾਈ ਹੋਏ। ਹੰਕਾਰ ਵਿਚ ਅੰਨ੍ਹੇ ਹੋਏ ੨ ਨੂੰ ਇਕ ਗੱਲ ਵੀ ਸਿਖਿਆ ਦੀ ਨਹੀਂ ਲੱਗਦੀ, ਜਿਵੇਂ ਵਾਂਸ ਨੂੰ ਫੂਕ ਨਾਲ ਵਜਾਈਦਾ ਹੈ ਤੇ ਉਹ ਆਰ ਪਾਰ ਲੰਘ ਜਾਂਦੀ ਹੈ, ਕਿਉਂਕਿ ਵਾਂਸ ਅੰਦਰੋਂ ਸੱਖਣਾ ਗੁਣਹੀਨ ਹੁੰਦਾ ਹੈ॥ ੧੫੮॥

**ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ॥ ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ॥੧੫੯॥**

ਕਬੀਰ ਜੀ ਕਹਿੰਦੇ ਹਨ-ਘੋੜੇ ਹਾਥੀ, ਆਦਿ ਸਵਾਰੀ ਬੇਅੰਤ ਸਾਧਨਾ ਵਾਲੇ ਛੱਤ੍ਰਧਾਰੀ ਰਾਜੇ ਦੀ ਇਸਤ੍ਰੀ ਉਸ ਇਸਤ੍ਰੀ ਦੀ ਬਰਾਬਰੀ ਨਹੀਂ ਕਰ ਸਕਦੀ, ਜਿਹੜੀ ਪ੍ਰਭੂ ਭਗਤਾਂ ਦਾ ਪਾਣੀ ਭਰਨ ਵਾਲੀ ਹੈ॥ ੧੫੯॥

**ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥ ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥ ੧੬੦॥**

ਹੇ ਕਬੀਰ ! ਛਤ੍ਰਪੱਤੀ ਰਾਜੇ ਦੀ ਰਾਣੀ ਨੂੰ ਕਿਉਂ ਨਿੰਦਦਾ ਹੈਂ ਅਤੇ ਸੰਤ ਮਹਾਤਮਾ ਦੀ ਦਾਸੀ ਨੂੰ ਕਿਉਂ ਵਡਿਆਈ ਦਿਤੀ ਜਾਂਦੀ ਹੈ। ਇਸ ਦਾ ਕਾਰਣ ਇਹ ਹੈ ਕਿ ਰਾਜੇ ਦੀ ਰਾਣੀ ਆਪਣੀ ਕਾਮ ਪੂਰਤੀ ਵਾਸਤੇ ਆਪਣੇ ਸਿਰ ਦੀ (ਮਾਂਗ) ਚੀਰਨੀ ਨੂੰ ਸੰਧੂਰ ਆਦਿਕ ਲਾ ਕੇ ਸਵਾਰਦੀ ਰਹਿੰਦੀ ਹੈ ਅਤੇ ਸੰਤਾਂ ਦੀ ਦਾਸੀ ਸੰਤਾਂ ਦੀ ਸੰਗਤ ਵਿਚ ਹਰੀ ਨਾਮ ਦਾ ਸਿਮਰਨ ਕਰਦੀ ਹੈ॥ ੧੬੦॥

**ਕਬੀਰ ਥੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ॥ ਕਬੀਰ ਹੀਰਾ ਬਨਜਿਆ ਮਾਨ ਸਰੋਵਰ ਤੀਰ॥ ੧੬੧॥**

ਕਬੀਰ ਜੀ ਕਹਿੰਦੇ ਹਨ-(ਥੂਨੀ) ਥੰਮੀ ਰੂਪ ਗੁਰੂ ਦਾ ਸ਼ਬਦ ਮਿਲਿਆ, ਤਾਂ ਮਨ ਦੀ ਸਥਿਰਤਾ ਹੋ ਗਈ ਅਤੇ ਸਤਿਗੁਰੂ ਜੀ ਨੇ ਧੀਰਜ, ਨਿਸਚਾ ਦ੍ਰਿੜ ਕਰ ਦਿਤਾ। ਫਿਰ ਆਖਦੇ ਹਨ ਕਿ ਇਸ ਮਨ ਦੀ ਸਥਿਰਤਾ ਵਿਚ (ਮਾਨ ਸਰੋਵਰ) ਸਤਿਸੰਗਤ (ਤੀਰ) ਪਾਸੋਂ (ਹੀਰਾ) ਪ੍ਰਭੂ ਦਾ ਨਾਮ ਖਰੀਦਿਆ ਹੈ॥ ੧੬੧॥

**ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ॥ ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥੧੬੨॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਦਾ ਨਾਮ ਹੀਰਾ ਹੈ, ਪ੍ਰਭੂ ਭਗਤ ਉਸ ਦੇ ਨਾਮ ਹੀਰੇ ਦੇ ਖਰੀਦਾਰ ਹਨ, ਜਿਸ ਨੂੰ ਲੈ ਕੇ ਆਪਣੀ (ਹਟੀਆ) ਹਿਰਦਿਆਂ ਨੂੰ ਸਜਾਉਂਦੇ ਹਨ। ਜਦ ਇਸ ਦੀ ਪਰਖ ਕਰਨ ਵਾਲੇ ਮਿਲਦੇ ਹਨ, ਤਦੋਂ ਹੀ ਇਨ੍ਹਾਂ ਹੀਰਿਆਂ ਦੀ ਪਰਖ ਹੁੰਦੀ ਹੈ ਅਰਥਾਤ ਸਤਿਸੰਗਤ ਵਿਚ ਗਿਆਨ ਦੀ ਚਰਚਾ ਹੁੰਦੀ ਹੈ॥ ੧੬੨॥

**ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥ ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ॥੧੬੩॥**

ਹੇ ਕਬੀਰ ! ਜਿਸ ਤਰ੍ਹਾਂ ਕਿਸੇ ਕੰਮ ਪੈਣ ਤੇ ਪ੍ਰਮਾਤਮਾ ਨੂੰ ਯਾਦ ਕਰੀਦਾ ਹੈ, ਇਸ ਤਰ੍ਹਾਂ ਹੀ ਉਸ ਨੂੰ ਸਦਾ ਯਾਦ ਕਰੋ। ਤਦ ਤੁਸੀਂ (ਅਮਰਾ ਪੁਰ) ਬੈਕੁੰਠ ਧਾਮ ਅਥਵਾ ਸੱਚਖੰਡ ਵਿਚ ਨਿਵਾਸ ਕਰ ਲਵੋਗੇ ਅਤੇ ਤੁਹਾਡਾ ਗਿਆ ਹੋਇਆ (ਬਿਤ) ਸ਼ੁਭ ਗੁਣਾਂ ਦਾ ਧਨ ਪਦਾਰਥ, ਪ੍ਰਮਾਤਮਾ ਮੋੜ ਦੇਵੇਗਾ। ਅਰਥਾਤ ਤੁਸੀਂ ਸ਼ੁਭ ਗੁਣ ਸੰਪੰਨ ਹੋ ਜਾਉਗੇ॥ ੧੬੩॥

**ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥੧੬੪॥**

ਕਬੀਰ ਜੀ ਕਹਿੰਦੇ ਹਨ-ਸੇਵਾ ਕਰਨ ਵਾਸਤੇ ਦੋ ਹੀ ਚੰਗੇ

ਹਨ, ਇਕ ਸੰਤ ਅਤੇ ਦੂਜਾ ਪ੍ਰਮਾਤਮਾ, ਕਿਉਂਕਿ ਪ੍ਰਮਾਤਮਾ ਮੁਕਤੀ ਦੇਣ ਵਾਲਾ ਹੈ ਤੇ ਸੰਤ ਉਸ ਮੁਕਤੀ ਦਾਤੇ ਦਾ ਨਾਮ ਜਪਾਉਂਦਾ ਹੈ॥ ੧੬੪ ॥

**ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥ ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ ੧੬੫ ॥**

ਕਬੀਰ ਜੀ ਕਹਿੰਦੇ ਹਨ-ਜਿਸ (ਕਰਮ ਕਾਂਡਾਂ ਦੇ) ਰਸਤੇ ਉਤੇ ਪੰਡਿਤ ਲੋਕ ਲੰਘ ਗਏ ਹਨ, ਉਨ੍ਹਾਂ ਦੇ ਪਿਛੇ ਵਹੀਰਾਂ ਤੁਰ ਪਈਆਂ ਹਨ। ਪ੍ਰਮਾਤਮਾ ਦੇ ਰਸਤੇ ਦੀ ਇਕ ਬੜੀ ਔਖੀ ਘਾਟੀ ਹੈ, ਜਿਸ ਉੱਤੇ ਕਬੀਰ ਚੜ੍ਹ ਰਿਹਾ ਹੈ। ਅਰਥਾਤ ਕਰਮ ਕਾਂਡਾਂ ਦੇ ਰਸਤੇ ਨੂੰ ਤਿਆਗ ਕੇ ਕਬੀਰ ਜੀ ਪ੍ਰਭੂ ਭਗਤੀ ਵਿਚ ਲੱਗੇ ਹਨ॥ ੧੬੫ ॥

**ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ॥ ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ॥ ੧੬੬ ॥**

ਕਬੀਰ ਜੀ ਕਹਿੰਦੇ ਹਨ, ਇਹ ਪੁਰਸ਼ ਦੁਨੀਆਂ ਦੇ ਫਿਕਰਾਂ (ਰਹੁ ਰੀਤਾਂ) ਵਿਚ ਹੀ ਮਰ ਜਾਂਦਾ ਹੈ ਅਤੇ ਆਪਣੀ ਕੁਲ ਦੀ ਰੀਤੀ ਨੂੰ ਅਪਣਾਉਂਦਾ ਹੈ, ਕਿ ਜੇਕਰ ਕੁਲ ਦੀ ਰੀਤੀ ਮੈਂ ਨਾ ਕੀਤੀ ਤਾਂ ਲੋਕ ਕੀ ਆਖਣਗੇ? ਇਸ ਸਬੰਧ ਵਿਚ ਕਬੀਰ ਜੀ ਕਹਿੰਦੇ ਹਨ ਕਿ ਜਦ ਤੈਨੂੰ ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਫੂਕਣ ਵਾਸਤੇ ਤੇਰੇ ਸਨਬੰਧੀ ਤੈਨੂੰ ਰੱਖ ਦੇਣਗੇ ਤਾਂ ਉਸ ਸਮੇਂ ਕਿਸ ਦੀ ਕੁਲ ਨੂੰ ਸ਼ਰਮਸਾਰੀ ਹੋਵੇਂਗੀ?॥ ੧੬੬ ॥

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ॥ ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ॥੧੬੭॥**

ਕਬੀਰ ਜੀ ਕਹਿੰਦੇ ਹਨ-(ਬਾਪੁਰੇ) ਮੰਦਭਾਗੀ ਪੁਰਸ਼ ਬਹੁਤ ਲੋਕਾਂ ਦੀ (ਕਾਨਿ) ਲੋਕ ਲਾਜ ਵਿਚ ਹੀ ਡੁੱਬ ਜਾਏਂਗਾ (ਆਪਣਾ ਆਪ ਗਵਾ ਲਵੇਂਗਾ)। ਵੀਚਾਰ ਕਰ ਜੋ ਅਜ ਗੁਆਂਢੀ ਦੇ ਘਰ ਹੋਇਆ ਹੈ, ਉਸ ਨੂੰ ਤੂੰ ਆਪਣੇ ਉੱਤੇ ਵੀ ਵਾਪਰਿਆ ਜਾਣ। ਮੌਤ ਸਭ ਨੂੰ ਵਾਪਰਦੀ ਹੈ॥ ੧੬੭॥

**ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ॥ ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ॥੧੬੮॥**

ਕਬੀਰ ਜੀ ਕਹਿੰਦੇ ਹਨ-ਮੰਗ ਕੇ ਭਿਛਿਆ ਦੀ ਲਈ ਹੋਈ ਰੋਟੀ ਚੰਗੀ ਹੈ, ਜਿਸ ਵਿਚ ਕਈ ਪ੍ਰਕਾਰ ਦਾ ਅਨਾਜ (ਅੰਨੁ) ਹੁੰਦਾ ਹੈ। ਫਿਰ ਰੋਟੀ ਮੰਗ ਕੇ ਖਾਣ ਵਾਲੇ ਦਾ ਕਿਸੇ ਚੀਜ਼ ਨਾਲ ਦਾਅਵਾ ਨਹੀਂ ਹੁੰਦਾ। ਉਸ ਵਾਸਤੇ ਬੜਾ ਵੱਡਾ ਦੇਸ਼ ਅਤੇ ਵੱਡਾ ਹਰੀ ਰਾਜ ਮੰਗਣ ਵਾਸਤੇ ਹੁੰਦਾ ਹੈ। ਜਿਥੋਂ ਤੇ ਜਿਥੇ ਜੀਅ ਕਰੇ ਮੰਗ ਕੇ ਖਾ ਲਏ॥ ੧੬੮॥

**ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ॥ ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥੧੬੯॥**

ਕਬੀਰ ਜੀ ਕਹਿੰਦੇ ਹਨ- ਮਲਕੀਅਤ ਦਾ ਦਾਅਵਾ ਕਰਨਾ ਤਥਾ ਮਲਕੀਅਤ ਬਨਾਉਣ ਨਾਲ ਅੰਦਰ ਈਰਖਾ ਦੀ

ਅੱਗ ਅਥਵਾ ਹਉਮੈ ਨਾਲ ਸੜਨ ਪੈਦਾ ਹੁੰਦੀ ਹੈ। ਪਰੰਤੂ ਜਿਹੜਾ ਪੁਰਸ਼ ਕੋਈ ਮਲਕੀਅਤ (ਜਾਇਦਾਦ) ਨਹੀਂ ਬਣਾਉਂਦਾ ਉਸ ਨੂੰ ਕੋਈ ਚਿੰਤਾ ਨਹੀਂ ਹੁੰਦੀ ਤੇ ਉਹ ਇੰਦਰ ਰਾਜੇ ਨੂੰ ਵੀ ਕੰਗਾਲ ਹੀ ਸਮਝਦਾ ਹੈ॥ ੧੬੯॥

**ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ॥ ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥ ੧੭੦॥**

ਕਬੀਰ ਜੀ ਕਹਿੰਦੇ ਹਨ-(ਪਾਲ) ਕਿਨਾਰਿਆਂ ਤੱਕ (ਸਮੁਹਾ) ਮੂੰਹ ਤੱਕ ਨਕਾ ਨਕ ਸਰੋਵਰ ਭਰਿਆ ਹੋਇਆ ਹੈ, ਪਰ ਉਸਦੇ ਪਾਣੀ ਨੂੰ ਕੋਈ ਪੀ ਨਹੀਂ ਸਕਦਾ। ਹੇ ਕਬੀਰ ! ਵੱਡੇ ਭਾਗਾਂ ਕਰਕੇ ਤੂੰ ਇਸ ਪਾਣੀ ਨੂੰ ਪਾ ਲਿਆ ਹੈ ਤੇ ਹੁਣ ਤੇ ਬੁੱਕ ਭਰ ਭਰ ਕੇ ਪੀ ਇਹ ਅਮੁੱਕ ਹੈ, ਵਾਹਿਗੁਰੂ ਨਾਮ ਦਾ ਸਰੋਵਰ ਜਲ॥ ੧੭੦॥

**ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ॥ ਏ ਦੁਇ ਅਖਰ ਨਾ ਖਿਸਹਿ ਸੋ ਗਹਿ ਰਹਿਓ ਕਬੀਰੁ॥ ੧੭੧॥**

ਕਬੀਰ ਜੀ ਕਹਿੰਦੇ ਹਨ, ਜਿਸ ਤਰ੍ਹਾਂ ਪਰਭਾਤ ਸਮੇਂ ਅਕਾਸ਼ ਦੇ ਤਾਰੇ ਖਿਸਕਦੇ ਜਾਂਦੇ ਹਨ, ਤਿਵੇਂ ਹੀ ਬੁਢਾਪੇ ਕਾਰਨ ਇਹ ਸਰੀਰ ਢਲਦਾ ਪਿਛੇ ਹਟਦਾ ਜਾਂਦਾ ਹੈ, ਪਰ ਇਹ ਦੋ ਰਾਮ ਨਾਮ ਦੇ ਅੱਖਰ 'ਰ' ਅਤੇ 'ਮ' ਨਹੀਂ ਮਿਟਦੇ, ਜਿਸ ਕਰਕੇ ਉਨ੍ਹਾਂ ਨੂੰ ਹੀ ਕਬੀਰ ਜੀ ਨੇ ਫੜ ਰਖਿਆ ਹੈ, ਹਿਰਦੇ ਵਿਚ ਸਿਮਰਨ ਦੁਆਰਾ॥ ੧੭੧॥

**ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ ॥ ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥ ੧੭੨ ॥**

ਕਬੀਰ ਜੀ ਕਹਿੰਦੇ ਹਨ-ਇਹ ਜਗਤ ਰੂਪੀ ਕੋਠੀ ਲੱਕੜ ਦੀ ਹੈ, ਇਸ ਦੇ ਦਸਾਂ ਦਿਸ਼ਾਂ ਵਿਚ ਹੀ ਮੋਹ ਮਾਇਆ ਦੀ ਅੱਗ ਲੱਗੀ ਹੋਈ ਹੈ। ਇਸ ਅੱਗ ਵਿਚ (ਪੰਡਿਤ) ਆਪਣੇ ਆਪ ਨੂੰ ਸਿਆਣੇ ਸਮਝਣ ਵਾਲੇ ਸੜ ਮਰਦੇ ਹਨ ਅਤੇ (ਮੂਰਖ) ਇਸ ਮੋਹ ਮਾਇਆ ਤੋਂ ਨਿਰਲੇਪ ਰਹਿਣ ਵਾਲੇ (ਜਿਨ੍ਹਾਂ ਨੂੰ ਲੋਕ ਮੂਰਖ ਸਮਝਦੇ ਹਨ) ਉਹ ਭੱਜ ਕੇ ਬਚ ਨਿਕਲਦੇ ਹਨ॥ ੧੭੨ ॥

**ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ ॥ ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ ॥ ੧੭੩ ॥**

ਹੇ ਕਬੀਰ ! ਭਰਮ ਨੂੰ ਦੂਰ ਕਰਕੇ, ਕਾਗਜ਼ਾਂ (ਧਾਰਮਿਕ) ਗ੍ਰੰਥਾਂ ਨੂੰ ਛਡ ਦੇਹ, ਅਰਥਾਤ ਧਾਰਮਿਕ ਗ੍ਰੰਥਾਂ ਨੂੰ ਜਿਨ੍ਹਾਂ ਵਿਚ ਕਰਮ ਕਾਂਡਾਂ ਦਾ ਵੇਰਵਾ ਹੈ, ਬਿਨਾਂ ਕਿਸੇ ਭਰਮ ਦੇ ਤਿਆਗ ਦੇਹ, ਉਨ੍ਹਾਂ ਦੀਆਂ ਲਿਖਤਾਂ ਪਿਛੇ ਨਾ ਲੱਗ ਤੂੰ ਕੇਵਲ (ਬਵੰਜਾ ਅੱਖਰਾਂ) ਹਿੰਦੀ ਵਰਣ ਮਾਲਾ ਦੇ ਅੱਖਰਾਂ ਨੂੰ ਸੋਚ ਕੇ (ਵੀਚਾਰ ਕੇ) ਕਿ ਇਨ੍ਹਾਂ ਵਿਚ ਕੀ ਉਪਦੇਸ਼ ਹੈ, ਪ੍ਰਮਾਤਮਾ ਦੇ ਚਰਨਾਂ ਵਿਚ ਆਪਣੇ ਮਨ ਨੂੰ ਜੋੜ। ਪ੍ਰਮਾਤਮਾ ਦੇ ਚਰਨਾਂ ਵਿਚ ਚਿੱਤ ਨੂੰ ਜੋੜਨ ਦਾ ਭਾਵ ਹੈ ਉਸਦੀ ਸਿਫਤ ਸਲਾਹ ਉਸ ਦਾ ਸਿਮਰਨ ਕਰਨਾ॥ ੧੭੩ ॥

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ**

**ਮਿਲਹਿ ਅਸੰਤ ॥ ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥ ੧੭੪ ॥**

ਕਬੀਰ ਜੀ ਕਹਿੰਦੇ ਹਨ-(ਸੰਤ) ਮਹਾਂ ਪੁਰਸ਼ ਆਪਣੇ ਸੰਤਪੁਣੇ (ਸ਼ੁਭ ਗੁਣਾਂ ਦੇ ਸੁਭਾਵ) ਨੂੰ ਨਹੀਂ ਛੱਡਦਾ, ਭਾਵੇਂ ਉਸਨੂੰ ਕ੍ਰੋੜਾਂ ਹੀ (ਅਸੰਤ) ਮੰਦ ਕਰਮੀ ਪੁਰਸ਼ਾਂ ਨਾਲ ਮੇਲ ਹੋਵੇ। ਜਿਸ ਤਰ੍ਹਾਂ ਕਿ ਚੰਦਨ ਦਾ ਬ੍ਰਿੱਛ ਸੱਪਾਂ ਨਾਲ ਲਪੇਟਿਆ ਹੋਇਆ ਵੀ ਆਪਣੀ ਸੀਤਲਤਾ (ਠੰਢਕ) ਨਹੀਂ ਤਿਆਗਦਾ॥ ੧੭੪ ॥

**ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥ ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ ॥ ੧੭੫ ॥**

ਕਬੀਰ ਜੀ ਕਹਿੰਦੇ ਹਨ-ਮਨ ਸ਼ਾਂਤ ਹੋ ਗਿਆ ਹੈ, (ਬ੍ਰਹਮ ਗਿਆਨ) ਜੀਵ ਆਤਮਾ ਦੇ ਭੇਤ ਨੂੰ ਪਾ ਲਿਆ ਹੈ। ਹੁਣ ਜਿਹੜੀ ਮਾਇਆ ਅੱਗਨੀ ਨੇ ਸੰਸਾਰ ਦੇ ਜੀਵਾਂ ਨੂੰ ਆਪਣੀ ਲਪੇਟ ਵਿਚ ਲੈ ਕੇ ਸਾੜ ਦਿਤਾ ਹੈ ਉਹ ਅਗਨੀ ਦਾਸ ਲਈ ਪਾਣੀ ਸਮਾਨ ਠੰਡੀ ਠਾਰ ਹੋ ਗਈ ਹੈ॥ ੧੭੫ ॥

**ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥ ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ ॥ ੧੭੬ ॥**

ਕਬੀਰ ਜੀ ਕਹਿੰਦੇ ਹਨ-ਇਹ ਸ੍ਰਿਸ਼ਟੀ ਰਚਨਹਾਰ ਪ੍ਰਮਾਤਮਾ ਦੀ (ਸਾਰੀ) ਖੇਲ ਹੈ, ਇਸ ਖੇਲ ਨੂੰ ਕੋਈ ਨਹੀਂ ਜਾਣਦਾ। ਪ੍ਰਮਾਤਮਾ ਆਪ ਹੀ ਇਸ ਨੂੰ ਜਾਣਦਾ ਹੈ ਤੇ ਜਾਂ ਕੋਈ (ਦੀਵਾਨੀ) ਉਸਦੇ ਦਰਬਾਰ ਤਥਾ ਹਜ਼ੂਰੀ ਵਿਚ ਰਹਿਣ ਵਾਲਾ

ਉਸਦਾ ਭਗਤ ਹੀ ਉਸ ਦੀ ਇਸ ਸ੍ਰਿਸ਼ਟੀ ਰਚਨਾਂ ਦੀ ਖੇਡ ਨੂੰ ਜਾਣ ਸਕਦਾ ਹੈ॥ ੧੭੬॥

**ਕਬੀਰ ਭਲੀ ਭਈ ਜੋ ਭਉ ਪਰਿਆ ਦਿਸਾ ਗਈਂ ਸਭ ਭੂਲਿ॥ ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥੧੭੭॥**

ਕਬੀਰ ਜੀ ਕਹਿੰਦੇ ਹਨ-ਇਹ ਚੰਗੀ ਗੱਲ ਹੋਈ ਕਿ ਪ੍ਰਮਾਤਮਾ ਦਾ ਡਰ ਮਨ ਵਿਚ ਪੈ ਗਿਆ ਜਿਸ ਨਾਲ ਸੰਸਾਰ ਦੀ ਦਿਸ਼ਾ ਸਭ ਭੁਲ ਗਈ ਹੈ। ਜਿਸ ਤਰ੍ਹਾਂ ਗੜਾ ਗਰਮੀ ਨਾਲ ਢਲ ਕੇ ਪਾਣੀ ਰੂਪ ਹੋ ਜਾਂਦਾ ਹੈ ਅਤੇ ਪਹਾੜ ਦੀ (ਕੂਲਿ) ਆੜ ਵਿਚ ਜਾ ਮਿਲਦਾ ਹੈ, ਇਸ ਤਰ੍ਹਾਂ ਹੀ ਪ੍ਰਮਾਤਮਾ ਦੇ ਭੈ ਕਰਕੇ ਇਕ ਪ੍ਰਮਾਤਮਾ ਨਾਮ ਦੀ ਕੂਲ ਵਿਚ ਮਿਲ ਜਾਂਦਾ ਹੈ॥ ੧੭੭॥

**ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥ ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥੧੭੮॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਨੇ (ਧੂਰਿ) ਪੰਜ ਤੱਤਾਂ ਦਾ ਮੇਲ ਕਰਕੇ ਇਹ ਸਰੀਰ ਦੀ ਨੱਗਰੀ ਨੂੰ ਬੱਧਾ (ਬਣਾਇਆ) ਹੈ। ਇਹ ਸਰੀਰ ਚਾਰ ਦਿਨ ਦਾ (ਪੇਖਨਾ) ਤਮਾਸ਼ਾ ਹੈ, ਖੇਡ ਹੈ, ਫਿਰ ਅੰਤ ਨੂੰ ਇਹ ਮਿੱਟੀ ਦੀ ਮਿੱਟੀ ਹੀ ਹੈ॥ ੧੭੮॥

**ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ॥ ਗੁਰ ਗੋਬਿੰਦ ਕੇ ਬਿਨੁ ਮਿਲੇ ਪਲਟਿ ਭਈ ਸਭ ਖੇਹ॥੧੭੯॥**

ਕਬੀਰ ਜੀ ਕਹਿੰਦੇ ਹਨ-ਸੂਰਜ ਚੰਦ ਦੇ (ਉਦੈ) ਚੜ੍ਹਨ ਵਾਂਗੂੰ ਇਹ ਦੇਹਾਂ ਹੁੰਦੀਆਂ ਹਨ। ਜਿਸ ਤਰ੍ਹਾਂ ਸੂਰਜ ਤੇ ਚੰਦ ਆਪਣਾ ਦਿਨ ਰਾਤ ਦਾ ਸਮਾਂ ਬਤੀਤ ਕਰਕੇ ਛਿੱਪ ਜਾਂਦੇ ਹਨ, ਇਸ ਤਰ੍ਹਾਂ ਹੀ ਜੇਕਰ ਗੁਰੂ ਪ੍ਰਮਾਤਮਾ ਦਾ ਮਿਲਾਪ ਨਾ ਹੋਵੇ ਤਾਂ ਇਹ ਸਰੀਰ ਮੁੜ ਕੇ ਫਿਰ ਮਿੱਟੀ ਹੋ ਜਾਂਦੇ ਹਨ।

**ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ ॥ ਕਹਿਓ ਕਬੀਰ ਬਿਚਾਰਿ ਕੈ ਸੰਤ ਸੁਨਹੁ ਮਨ ਮਾਹਿ ॥੧੮੦॥**

ਕਬੀਰ ਜੀ ਕਹਿੰਦੇ ਹਨ-ਜਿਥੇ (ਹਿਰਦੇ ਵਿਚ) ਪ੍ਰਮਾਤਮਾ ਦਾ ਗਿਆਨ ਹੋਵੇ ਉਥੇ ਮੌਤ ਤਥਾ ਜਮਾਂ ਦਾ ਡਰ ਨਹੀਂ ਹੁੰਦਾ। ਪ੍ਰੰਤੂ ਜਿਥੇ ਜਿਸ ਹਿਰਦੇ ਵਿਚ ਮੌਤ ਆਦਿਕ ਦਾ ਡਰ ਹੋਵੇ ਉਥੇ ਪ੍ਰਮਾਤਮਾ ਨਹੀਂ ਹੈ। ਕਬੀਰ ਜੀ ਕਹਿੰਦੇ ਹਨ ਇਹ ਗੱਲ ਮੈਂ ਸੋਚ ਸਮਝ ਕੇ ਆਖੀ ਹੈ, ਹੇ ਸੰਤ ਜਨੋਂ! ਤੁਸੀਂ ਇਸ ਨੂੰ ਮਨ ਲਾ ਕੇ ਸੁਣੋ॥ ੧੮੦॥

**ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥ ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥੧੮੧॥**

ਕਬੀਰ ! ਜਿਨ੍ਹਾਂ ਨੇ ਪ੍ਰਮਾਤਮਾ ਦੇ ਰਸਤੇ ਨੂੰ (ਕੁਝ) ਥੋੜ੍ਹਾ ਵੀ ਨਹੀਂ ਜਾਣਿਆ, ਉਨ੍ਹਾਂ ਦੀ ਸੁਖ ਨਾਲ ਬੇ-ਫਿਕਰ ਹੋ ਕੇ, ਸੌਂ ਕੇ ਰਾਤ ਬੀਤਦੀ ਹੈ, ਪਰ ਮੈਂ ਜੋ ਇਹ ਗੱਲ ਸਮਝ ਲਈ ਹੈ ਕਿ ਪ੍ਰਭੂ ਮਿਲਾਪ ਤੋਂ ਬਿਨਾਂ ਇਹ ਦੇਹ ਅੰਤ ਨੂੰ ਮਿੱਟੀ ਨਾਲ ਮਿਲ ਕੇ ਮਿੱਟੀ ਹੋ ਜਾਣੀ ਹੈ, ਇਹ ਪੂਰੀ ਬਿਪਤਾ ਪੈ ਗਈ ਹੈ॥ ੧੮੧॥

**ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰ ॥ ਲਾਗੀ ਚੋਟ ਮਰੰਮ ਕੀ ਰਹਿਓ ਕਬੀਰਾ ਠਉਰ ॥ ੧੮੨ ॥**

ਕਬੀਰ ਜੀ ਕਹਿੰਦੇ ਹਨ-ਜਦ ਕਿਸੇ ਨੂੰ ਮਾਰ ਪਵੇ ਤਾਂ ਉਹ ਬਹੁਤ ਵਾਵੇਲਾ ਕਰਦਾ ਹੈ, ਅਰ ਪਿਛੋਂ ਉਸ ਮਾਰ ਦੀ ਪੀੜ ਨਾਲ ਉਹ ਬਹੁਤ ਕੁਰਲਾਉਂਦਾ ਹੈ। ਪ੍ਰੰਤੂ ਮੈਨੂੰ (ਨਰਮ) ਹਿਰਦੇ ਨੂੰ ਵਿੰਨ੍ਹ ਜਾਣ ਵਾਲੀ ਗੁਝੀ ਚੋਟ ਗੁਰ-ਸ਼ਬਦ ਦੀ ਲੱਗੀ ਹੈ, ਜਿਸ ਨਾਲ ਮੈਂ ਥਾਂ ਤੇ ਹੀ ਰਹਿ ਗਿਆ ਹਾਂ। ਪੁਕਾਰਣ ਜਾਂ ਹਿੱਲਣ ਜੋਗਾ ਨਹੀਂ ਰਿਹਾ ॥ ੧੮੨ ॥

**ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ ॥ ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥ ੧੮੩ ॥**

ਕਬੀਰ ਜੀ ਕਹਿੰਦੇ ਹਨ-ਬਰਛੇ ਦੀ ਸੱਟ ਸਹਾਰਨੀ (ਸੁਹੇਲੀ) ਸੌਖੀ ਹੈ, ਜਿਸ ਦੇ ਵੱਜਣ ਨਾਲ ਘੱਟੋ ਘਟ ਸਾਹ ਤਾਂ ਆ ਜਾਂਦੇ ਹਨ, ਪਰ ਜਿਹੜਾ ਗੁਰੂ-ਸ਼ਬਦਾਂ ਦੀ ਸੱਟ ਨੂੰ ਸਹਾਰ ਲਵੇ ਮੈਂ ਉਸਦੇ ਗੁਰੂ ਦਾ ਦਾਸ ਹਾਂ। ਅਰਥਾਤ ਬਰਛੇ ਦੀ ਚੋਟ ਨਾਲੋਂ ਗੁਰੂ-ਸ਼ਬਦ ਦੀ ਚੋਟ ਸਹਾਰਨੀ ਬੜੀ ਕਠਿਨ ਹੈ ॥ ੧੮੩ ॥

**ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥ ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥ ੧੮੪ ॥**

ਕਬੀਰ ਜੀ ਕਹਿੰਦੇ ਹਨ-ਹੇ ਮੁਲਾਂ ! ਤੂੰ ਉੱਚੇ ਮੁਨਾਰੇ ਬਾਂਗ ਦੇਣ ਵਾਸਤੇ ਕਿਉਂ ਚੜ੍ਹਦਾ ਹੈਂ, ਮਾਲਕ ਬਾਂਗ ਸੁਣਨ ਵਾਲਾ

ਬੋਲਾ ਨਹੀਂ, ਜਿਸ ਵਾਸਤੇ ਤੂੰ ਬਾਂਗ ਦੇਂਦਾ ਹੈਂ ਉਸ ਨੂੰ ਤੂੰ ਆਪਣੇ ਅੰਦਰ ਵੇਖ ਪਛਾਣ।

**ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ॥ ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ॥੧੮੫॥**

ਹੇ ਸ਼ੇਖ ਵਿਦਵਾਨ ਸਜਣ! ਜੇਕਰ ਹਿਰਦੇ ਅੰਦਰ ਸਬਰ ਸੰਤੋਖ ਨਹੀਂ ਹੈ ਤਾਂ ਹੱਜ ਕਾਬੇ ਕਿਸ ਵਾਸਤੇ ਜਾਣਾ ਹੈ ? ਕਬੀਰ ਜੀ ਕਹਿੰਦੇ ਹਨ ਜਿਸ ਦਾ ਹਿਰਦਾ ਸ਼ਾਂਤ ਨਹੀਂ ਉਸਨੂੰ ਰੱਬ ਕਿਥੇ? ਅਰਥਾਤ ਆਪਣੇ ਹਿਰਦੇ ਦੀ ਸ਼ਾਂਤੀ ਤੋਂ ਬਿਨਾਂ ਰੱਬ ਨਹੀਂ ਮਿਲਦਾ॥ ੧੮੫॥

**ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ॥ ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ॥੧੮੬॥**

ਹੇ ਕਬੀਰ ! ਤੂੰ ਰੱਬ ਦੀ ਬੰਦਗੀ ਕਰ, ਜਿਸ ਦੇ ਸਿਮਰਨ ਕਰਕੇ ਦੁਖ ਦੂਰ ਹੋ ਜਾਂਦਾ ਹੈ ਅਤੇ ਹਿਰਦੇ ਅੰਦਰ ਹੀ ਪ੍ਰਮਾਤਮਾ ਪਰਗਟ ਹੋ ਜਾਂਦਾ ਹੈ, ਜਿਸ ਨਾਲ ਤ੍ਰਿਸ਼ਨਾਂ ਦੀ ਅੱਗ ਦਾ ਭਾਂਬੜ ਉਸਦਾ ਨਾਮ ਲੈਣ ਕਰਕੇ ਬੁਝ ਜਾਂਦਾ ਹੈ॥ ੧੮੬॥

**ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥ ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥੧੮੭॥**

ਕਬੀਰ ਜੀ ਕਹਿੰਦੇ ਹਨ-ਜ਼ੋਰ ਨਾਲ ਕਿਸੇ ਉੱਤੇ ਧੱਕਾ

ਕਰਕੇ ਉਸਨੂੰ (ਹਲਾਲ) ਵਿਹਤ-ਜਾਇਜ਼ ਕਹਿੰਦਾ ਹੈਂ ਇਸ ਗੱਲ ਦਾ ਜਦੋਂ ਦਰਗਾਹ ਵਿਚੋਂ ਹਿਸਾਬ ਹੋਵੇਗਾ ਤਾਂ ਫਿਰ ਤੇਰਾ ਕੀ ਹਾਲ ਹੋਵੇਗਾ? ਜੀਵ ਉਤੇ ਜ਼ੁਲਮ ਕੀਤੇ ਦਾ ਲੇਖਾ ਦੇਣਾ ਪਵੇਗਾ॥ ੧੮੭॥

**ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥੧੮੮॥**

ਕਬੀਰ ਜੀ ਕਹਿੰਦੇ ਹਨ, ਖਿਚੜੀ (ਚੌਲ ਤੇ ਦਾਲ, ਇਕੱਠੇ ਕਰਕੇ ਰਿੱਧੇ ਹੋਏ) ਦਾ ਖਾਣਾ ਬਹੁਤ ਚੰਗਾ ਹੈ, ਜਿਸ ਵਿਚ ਸੁਆਦਲਾ ਲੂਣ ਹੁੰਦਾ ਹੈ। ਮਾਸ ਨਾਲ ਰੋਟੀ ਖਾਣ ਵਾਸਤੇ ਦੂਸਰੇ ਜੀਵਾਂ ਨੂੰ ਮਾਰਣਾ ਅਤੇ ਫਿਰ ਇਸਦੀ ਸਜ਼ਾ ਭੁਗਤਣ ਵਾਸਤੇ ਆਪਣਾ ਗਲਾ ਕੌਣ ਕਟਾਵੇ ? ਮੈਨੂੰ ਇਹ ਗੱਲ ਪ੍ਰਵਾਨ ਨਹੀਂ। ਨਾ ਮੈਂ ਦੂਸਰਿਆਂ ਦਾ ਗੱਲ ਵੱਢ ਕੇ ਮਾਸ ਨਾਲ ਆਪ ਰੋਟੀ ਖਾਵਾਂ ਅਤੇ ਨਾ ਹੀ ਆਪਣਾ ਗਲਾ ਕਟਾਵਾਂ ਤੇ ਲੋਕਾਂ ਨੂੰ ਮਾਸ ਖੁਆਵਾਂ॥ ੧੮੮॥

**ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥ ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ॥੧੮੯॥**

ਕਬੀਰ ਜੀ ਕਹਿੰਦੇ ਹਨ-(ਗੁਰੁ ਲਾਗਾ) ਗੁਰੂ ਦਾ ਉਪਦੇਸ਼ ਤਦ ਹੀ ਹਿਰਦੇ ਨੂੰ ਲੱਗਾ ਜਾਣਨਾ ਚਾਹੀਦਾ ਹੈ, ਜਦੋਂ ਸਰੀਰ ਦੇ ਦੁਖ ਕਲੇਸ਼ ਮਿਟ ਜਾਣ। ਗੁਰੂ ਉਪਦੇਸ਼ ਦੇ ਅਸਰ ਕਰਕੇ ਜਦ ਖੁਸ਼ੀ ਤੇ ਗਮੀ ਸਾੜਨ ਦੀ ਚਿੰਤਾ ਨਾ ਕਰਨਾ। ਤਦ ਪ੍ਰਮਾਤਮਾ ਉਸ ਹਿਰਦੇ ਵਿਚ ਆਪ ਹੁੰਦਾ ਹੈ॥ ੧੮੯॥

**ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥ ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥੧੯੦॥**

ਕਬੀਰ ਜੀ ਕਹਿੰਦੇ ਹਨ-'ਰਾਮ' ਕਹਿਣ ਵਿਚ ਫਰਕ (ਅੰਤਰਾ) ਹੈ ਉਸ ਵਿਚ ਇਕ ਸਮਝਣ ਯੋਗ ਗੱਲ ਹੈ। ਉਹੀ ਰਾਮ (ਜੋ ਸਰਬ ਵਿਆਪਕ ਹੈ) ਉਸ ਨੂੰ ਸਾਰੇ ਕਹਿੰਦੇ ਹਨ, ਉਹੀ ਰਾਮ ਜੋ (ਦਸਰਥ ਦਾ ਪੁੱਤਰ) ਹੈ, ਰਾਵਣ ਨਾਲ ਜੁੱਧ ਕਰਕੇ ਕੌਤਕ ਕਰਨ ਵਾਲਾ ਹੈ॥ ੧੯੦॥

**ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ॥ ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ॥੧੯੧॥**

ਹੇ ਕਬੀਰ ! ਤੂੰ ਰਾਮ ਹੀ ਰਾਮ ਕਹੁ, ਸਦਾ ਹੀ ਰਾਮ ਦਾ ਸਿਮਰਨ ਕਰ, ਪਰ ਰਾਮ ਕਹਿਣ ਵਿਚ ਇਕ ਵੀਚਾਰ ਹੈ, ਇਕ ਰਾਮ (ਸਰਬ ਵਿਆਪਕ) ਉਹ ਹੈ ਜਿਹੜਾ ਅਨੇਕਾਂ ਜੀਵਾਂ ਵਿਚ ਸਮਾ ਰਿਹਾ ਹੈ। ਇਕ ਰਾਮ (ਦਸਰਥ ਦਾ ਪੁੱਤਰ) ਉਹ ਹੈ ਜਿਹੜਾ ਸਰੀਰ ਵਿਚ ਹੀ ਸਮਾਇਆ ਸੀ॥ ੧੯੧॥

**ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥੧੯੨॥**

ਕਬੀਰ ਜੀ ਕਹਿੰਦੇ ਹਨ, ਜਿਸ ਘਰ ਵਿਚ ਸੰਤਾਂ ਦੀ ਸੇਵਾ ਨਹੀਂ ਹੁੰਦੀ ਅਤੇ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਜਾਂਦੀ, ਉਹ ਘਰ (ਮਰਹਟ-ਮਰਘਟ) ਮਸਾਣਾਂ (ਸਾਰਖੇ) ਵਰਗੇ ਹਨ।

ਉਨ੍ਹਾਂ ਘਰਾਂ ਵਿਚ ਭੂਤਨੇ ਵੱਸਦੇ ਹਨ॥ ੧੯੨॥

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥ ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥੧੯੩॥**

ਕਬੀਰ ਜੀ ਕਹਿੰਦੇ ਹਨ-ਜਿਸਨੂੰ ਸਤਿਗੁਰੂ ਜੀ ਨੇ ਆਪਣੇ ਸ਼ਬਦ ਦਾ ਬਾਣ ਮਾਰਿਆ, ਉਹ ਜ਼ਬਾਨ ਤੋਂ ਗੂੰਗਾ ਤੇ ਕਮਲਾ ਹੋ ਜਾਂਦਾ ਹੈ, ਕੰਨਾਂ ਤੋਂ ਬੋਲਾ ਹੋ ਜਾਂਦਾ ਹੈ, ਪੈਰਾਂ ਤੋਂ ਪਿੰਗਲਾ ਹੋ ਜਾਂਦਾ ਹੈ, ਅਰਥਾਤ-ਜਿਸ ਦੇ ਹਿਰਦੇ ਵਿਚ ਗੁਰੂ ਦਾ ਉਪਦੇਸ਼ ਨਿਸਚੇ ਹੋ ਜਾਂਦਾ ਹੈ, ਉਹ ਜ਼ਬਾਨ ਨਾਲ ਕਿਸੇ ਨੂੰ ਕੋਈ ਬੁਰਾ ਸ਼ਬਦ ਨਹੀਂ ਬੋਲਦਾ, ਕੰਨਾਂ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣਦਾ ਅਤੇ ਪੈਰਾਂ ਨਾਲ ਤੁਰ ਕੇ ਕਿਸੇ ਮਾੜੇ ਕਰਮ ਵਾਸਤੇ ਨਹੀਂ ਜਾਂਦਾ॥ ੧੯੩॥

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥੧੯੪॥**

ਕਬੀਰ ਜੀ ਕਹਿੰਦੇ ਹਨ-ਪੂਰੇ ਸਤਿਗੁਰੂ ਨੇ ਜਿਸਨੂੰ ਆਪਣੇ ਉਪਦੇਸ਼ ਦਾ ਇਕ ਬਾਣ ਮਾਰਿਆ, ਉਸ ਬਾਣ ਦੇ ਲਗਦਿਆਂ ਹੀ ਉਹ ਆਦਮੀ ਧਰਤੀ ਤੇ ਡਿੱਗ ਪਿਆ ਅਤੇ ਉਸਦੇ ਕਲੇਜੇ (ਹਿਰਦੇ) ਵਿਚ ਇਕ ਛੇਕ ਪੈ ਗਿਆ। ਅਰਥਾਤ-ਗੁਰੂ ਸ਼ਬਦ ਦੇ ਤੀਰ ਨਾਲ ਨਿਰਹੰਕਾਰ ਹੋ ਜਾਂਦਾ ਹੈ ਅਤੇ ਉਸਦਾ ਹਿਰਦਾ ਪ੍ਰਭੂ ਪ੍ਰੇਮ ਨਾਲ ਵਿੰਨ੍ਹਿਆ ਜਾਂਦਾ ਹੈ॥ ੧੯੪॥

**ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ**

**ਗਈ ਭੂਮਿ ਬਿਕਾਰ॥ ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥੧੯੫॥**

ਕਬੀਰ ਜੀ ਕਹਿੰਦੇ ਹਨ-ਮੀਂਹ ਸਮੇਂ ਅਕਾਸ਼ ਤੋਂ ਨਿਰਮਲ (ਮੈਲ ਰਹਿਤ ਸਾਫ) ਬੂੰਦ ਡਿੱਗ ਕੇ ਬੇਕਾਰ ਹੀ ਧਰਤੀ ਵਿਚ ਡਿੱਗ ਪਈ। ਉਹ ਕਿਸੇ ਕੰਮ ਨਾ ਆਈ। ਇਸ ਤਰ੍ਹਾਂ ਹੀ ਸੰਗਤ ਤੋਂ ਬਿਨਾਂ ਸਮਝੋ ਕਿ ਜਿਸ ਤਰ੍ਹਾਂ ਭੱਠ ਵਿਚ ਪੈ ਕੇ ਵਸਤੂ ਸੜ ਕੇ ਸੁਆਹ ਹੋ ਜਾਂਦੀ ਹੈ, ਇਸ ਤਰ੍ਹਾਂ ਸੰਗਤਹੀਨ ਪੁਰਸ਼ ਕੁਸੰਗਤ ਦੀ ਭੱਠੀ ਵਿਚ ਪੈ ਕੇ ਨਸ਼ਟ ਹੋ ਜਾਂਦਾ ਹੈ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ॥ ੧੯੫॥

**ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥੧੯੬॥**

ਕਬੀਰ ਜੀ ਕਹਿੰਦੇ ਹਨ-ਅਕਾਸ਼ ਤੋਂ ਡਿੱਗੀ ਹੋਈ ਸਾਫ ਪਾਣੀ ਦੀ ਕਣੀ ਜਿਹੜੀ ਧਰਤੀ ਵਿਚ ਮਿਲਾ ਲਈ ਜਾਵੇ, ਉਹ ਫੇਰ ਧਰਤੀ ਨਾਲੋਂ ਨਿਖੇੜੀ ਨਹੀਂ ਜਾ ਸਕਦੀ, ਭਾਵੇਂ ਅਨੇਕਾਂ ਸਿਆਣੇ ਥੱਕ ਟੁੱਟ ਜਾਣ। ਅਰਥਾਤ-ਪੂਰੇ ਗੁਰੂ ਦੀ ਸ਼ੁਭ ਸਿਖਿਆ ਜਗਿਆਸੂ ਦੇ ਵਿਕਾਰ ਰਹਿਤ ਹਿਰਦੇ ਵਿਚ ਸਮਾ ਜਾਂਦੀ ਹੈ ਅਤੇ ਫਿਰ ਉਸ ਨੂੰ ਕੋਈ ਵਿਕਾਰ ਉਸ ਤੋਂ ਦੂਰ ਨਹੀਂ ਕਰ ਸਕਦਾ॥ ੧੯੬॥

**ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥ ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ॥੧੯੭॥**

ਕਬੀਰ ਜੀ ਕਹਿੰਦੇ ਹਨ-ਇਕ ਵਾਰ ਮੈਂ ਕਾਬੇ ਦਾ ਹੱਜ ਕਰਨ ਜਾ ਰਿਹਾ ਸੀ ਕਿ ਅਗੇ ਖੁਦਾ ਮਿਲ ਪਿਆ, ਖੁਦਾ ਮੇਰੇ ਨਾਲ ਲੜ ਪਿਆ ਕਿ ਤੈਨੂੰ ਇਹ (ਗਾਇ) ਧਰਤੀ ਕਿਸ ਨੇ ਦਸੀ ਹੈ ਕਿ ਮੈਂ ਇਥੇ ਇਸ ਧਰਤੀ ਤੇ ਰਹਿੰਦਾ ਹਾਂ ? ਇਹ ਪ੍ਰਮਾਤਮਾ ਦੀ ਸਰਬ ਵਿਆਪਕਤਾ ਦਾ ਸੰਕੇਤ ਹੈ॥ ੧੯੭॥

**ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥ ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ॥੧੯੮॥**

ਕਬੀਰ ਜੀ ਕਹਿੰਦੇ ਹਨ-ਮੈਂ ਕਈ ਵਾਰ ਕਾਬੇ ਹੱਜ ਕਰਨ ਵਾਸਤੇ ਗਿਆ ਹਾਂ, ਪਰ ਹੇ ਮਾਲਕ! ਮੇਰੇ ਵਿਚ ਕੀ ਗੁਨਾਹ ਹੈ ਕਿ ਤੂੰ ਮੂੰਹ ਤੋਂ ਨਹੀਂ ਬੋਲਦਾ। ਅਰਥਾਤ-ਤੂੰ ਮੇਰੇ ਨਾਲ ਕੋਈ ਗੱਲ ਨਹੀਂ ਕਰਦਾ॥ ੧੯੮॥

**ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥ ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥੧੯੯॥**

ਕਬੀਰ ਜੀ ਕਹਿੰਦੇ ਹਨ-ਜੋ ਲੋਕ ਜੀਵ ਨੂੰ ਜ਼ੋਰ ਧੱਕੇ ਨਾਲ ਮਾਰਦੇ ਹਨ ਅਤੇ ਉਸ ਨੂੰ (ਹਲਾਲ) ਜਾਇਜ਼ ਠੀਕ ਕਹਿੰਦੇ ਹਨ, ਪਰ ਐਸੇ ਪੁਰਸ਼ਾਂ ਦਾ ਤਦੋਂ ਕੀ ਹਾਲ ਹੋਵੇਗਾ ਜਦੋਂ (ਦਈ) ਪ੍ਰਮਾਤਮਾ ਉਨ੍ਹਾਂ ਦਾ ਲੇਖਾ ਕਢੇਗਾ ?॥ ੧੯੯॥

**ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥ ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥੨੦੦॥**

ਹੇ ਕਬੀਰ ! ਜੇ ਕਿਸੇ ਤੇ ਧੱਕਾ ਕਰਨਾ ਹੈ ਉਹ ਜ਼ੁਲਮ ਪਾਪ ਹੈ, ਇਸ ਦਾ ਜਵਾਬ ਪ੍ਰਮਾਤਮਾ ਲਵੇਗਾ। ਜਦ ਦਰਗਾਹ ਵਿਚ ਹਿਸਾਬ ਹੋਵੇਗਾ ਤਾਂ (ਇਸ ਜ਼ੁਲਮ ਦੇ ਕਾਰਨ) ਮੂੰਹੋਂ ਮੂੰਹ ਮਾਰ ਖਾਏਗਾ, (ਧੱਕਾ ਕਰਨ ਵਾਲਾ ਪੁਰਸ਼) ॥ ੨੦੦ ॥

**ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥ ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥ ੨੦੧ ॥**

ਕਬੀਰ ਜੀ ਕਹਿੰਦੇ ਹਨ-ਜੇਕਰ ਮਨੁੱਖ ਦਾ ਹਿਰਦਾ ਸ਼ੁਧ ਪਵਿੱਤਰ ਹੋਵੇ, ਪਾਪੀ ਨਾ ਹੋਵੇ ਤੇ ਉਸ ਨੂੰ ਲੇਖਾ ਦੇਣਾ ਸੌਖਾ ਹੁੰਦਾ ਹੈ ਅਤੇ ਉਸ ਸਚੇ ਦਰਬਾਰ ਵਿਚ ਉਸ ਦਾ ਕੋਈ ਪੱਲਾ ਨਹੀਂ ਫੜਦਾ। ਅਰਥਾਤ-ਉਸ ਨੂੰ ਕੋਈ ਪੁੱਛ ਗਿੱਛ ਨਹੀਂ ਹੁੰਦੀ॥ ੨੦੧॥

**ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ ॥ ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥ ੨੦੨ ॥**

ਕਬੀਰ ਜੀ ਕਹਿੰਦੇ ਹਨ-ਧਰਤੀ ਅਤੇ ਅਕਾਸ਼ ਅਰਥਾਤ ਸਾਰੀ ਸ੍ਰਿਸ਼ਟੀ ਵਿਚ ਹੇ ਦ੍ਵੈਤ! ਤੂੰ ਬੜੀ (ਅਬਧ) ਨਾਸ਼ ਰਹਿਤ ਅਰਥਾਤ ਬਲਵਾਨ ਹੈਂ। ਛੇ ਦਰਸ਼ਨ (ਛੇ ਭੇਖ ਜੋਗੀ, ਜੰਗਮ, ਸਰੇਵੜੇ, ਸੰਨਿਆਸੀ, ਬੈਰਾਗੀ, ਵੈਸ਼ਨੋ) ਅਤੇ ਚੌਰਾਸੀ ਸਿੱਧ ਵੀ ਸੰਸਿਆਂ ਵਿਚ ਪਏ ਹੋਏ ਹਨ, ਕਿ ਦ੍ਵੈਤ ਤੋਂ ਕਿਸ ਤਰ੍ਹਾਂ ਬਚਿਆ ਜਾਵੇ, ਪਰ ਇਹ ਸਭ ਵਿਚ ਬੜੇ ਜ਼ੋਰ ਸ਼ੋਰ ਨਾਲ ਪ੍ਰਵਿਰਤ ਹੈ॥ ੨੦੨ ॥

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ੨੦੩ ॥**

ਕਬੀਰ ਜੀ ਕਹਿੰਦੇ ਹਨ-ਹੇ ਪ੍ਰਭੂ ! ਮੇਰੇ ਵਿਚ ਮੇਰਾ (ਮਨ, ਤਨ ਅਥਵਾ ਧਨ) ਕੁਝ ਨਹੀਂ ਹੈ, ਜੋ ਕੁਝ ਹੈ ਉਹ ਸਭ ਤੇਰਾ ਹੀ ਹੈ ਅਤੇ ਤੇਰਾ ਹੀ ਤੈਨੂੰ ਸੌਂਪਿਆ ਹੈ ਮੇਰਾ ਕਿਹੜਾ ਮੁੱਲ ਲੱਗਦਾ ਹੈ ॥ ੨੦੩ ॥

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ ੨੦੪ ॥**

ਕਬੀਰ ਜੀ ਕਹਿੰਦੇ ਹਨ, ਹੇ ਪ੍ਰਮਾਤਮਾ! ਮੈਂ ਤੂੰ ਤੂੰ (ਤੇਰਾ ਸਿਮਰਨ) ਕਰਦਾ ਤੇਰਾ ਰੂਪ ਹੀ ਹੋ ਗਿਆ ਹਾਂ, ਹੁਣ ਮੇਰੇ ਵਿਚ ਮੇਰਾ ਆਪਾ (ਹੂੰ) ਨਹੀਂ ਰਿਹਾ। ਜਦ ਮੇਰਾ ਆਪਣੇ ਪਰਾਏ ਵਾਲਾ ਦ੍ਵੈਤ ਭਾਵ ਮਿਟ ਗਿਆ ਤਾਂ ਫਿਰ ਜਿਥੇ ਵੇਖਦਾ ਹਾਂ ਉਥੇ ਤੂੰ ਹੀ ਹੁੰਦਾ ਹੈਂ, ਮੈਂ ਨਹੀਂ ॥ ੨੦੪ ॥

**ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤ ਆਸ ॥ ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ ॥ ੨੦੫ ॥**

ਕਬੀਰ ਜੀ ਕਹਿੰਦੇ ਹਨ-ਬੁਰੇ ਕੰਮਾਂ ਨੂੰ ਕਰਨ ਵਾਸਤੇ (ਚਿਤਵਤੇ) ਸੋਚਦੇ ਰਹਿੰਦੇ ਹਨ ਅਤੇ ਝੂਠੇ ਪਦਾਰਥਾਂ ਦੀ ਪ੍ਰਾਪਤੀ ਦੀ ਆਸ ਕਰਦੇ ਹਨ। ਇਸ ਤਰ੍ਹਾਂ ਕੋਈ ਮਨੋਰਥ ਵੀ ਪੂਰਾ ਨਾ ਹੋਇਆ, ਨਾ ਪ੍ਰਮਾਤਮਾ ਮਿਲਿਆ ਨਾ ਝੂਠੇ ਪਦਾਰਥ

ਅਤੇ ਨਿਰਾਸ ਹੋ ਕੇ ਅਗੇ ਨੂੰ ਚਲ ਪਏ॥ ੨੦੫॥

**ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰਿ॥ ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ॥ ੨੦੬॥**

ਹੇ ਕਬੀਰ ! ਜਿਹੜਾ ਪੁਰਸ਼ ਹਰੀ ਦਾ ਸਿਮਰਨ ਕਰਦਾ ਹੈ, ਉਹੀ ਸੰਸਾਰ ਵਿਚ ਸੁਖੀ ਹੈ। ਜਿਸ ਨੂੰ ਪ੍ਰਮਾਤਮਾ ਆਪ ਰੱਖਦਾ ਹੈ ਉਹ ਏਧਰ ਓਧਰ ਕਿਤੇ ਨਹੀਂ ਭਟਕਦਾ, ਉਹ ਆਪਣੇ ਇਕ ਨਿਸਚੇ ਉੱਤੇ ਦ੍ਰਿੜ ਰਹਿੰਦਾ ਹੈ॥ ੨੦੬॥

**ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ॥ ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ॥ ੨੦੭॥**

ਹੇ ਕਬੀਰ! ਬੁਰਿਆਈਆਂ ਦੀ ਘਾਣੀ ਵਿਚ (ਪੀੜਤੇ) ਪੀੜੇ ਨਪੀੜੇ ਜਾ ਰਿਹਾਂ ਨੂੰ (ਸਾਨੂੰ) ਸਤਿਗੁਰੂ ਜੀ ਨੇ ਛੁਡਾ ਲਿਆ ਹੈ। ਪਿਛਲੇ ਜਨਮਾਂ ਦੀ ਸ਼ਰਧਾ, ਜੋ ਮੇਰੇ ਹਿਰਦੇ ਵਿਚ ਸੀ, ਉਹ ਹੁਣ ਪ੍ਰਗਟ ਆਣ ਹੋਈ ਹੈ। ਭਾਵ ਪਿਛਲੇ ਜਨਮਾਂ ਦੀ ਸ਼ਰਧਾ ਦਾ ਫਲ ਪ੍ਰਾਪਤ ਹੋਇਆ ਹੈ॥ ੨੦੭॥

**ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ॥ ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ॥ ੨੦੮॥**

ਕਬੀਰ ਜੀ ਕਹਿੰਦੇ ਹਨ-(ਟਾਲ ਮਟੋਲ) ਅੱਜ ਕਲ੍ਹ ਕਰਦਿਆਂ ਨੂੰ ਉਮਰ ਦਾ ਦਿਨ ਪ੍ਰਤਿ ਦਿਨ ਬੀਤ ਗਿਆ ਅਤੇ

(ਬਿਆਜੁ ਬਢੰਤਉ ਜਾਇ) ਵਿਕਾਰਾਂ ਉੱਤੇ ਹੋਰ ਵਿਕਾਰ ਜਮ੍ਹਾਂ ਹੁੰਦੇ ਚਲੇ ਗਏ। ਇਸ ਸਮੇਂ ਨਾ ਹਰੀ ਦਾ ਸਿਮਰਨ ਕੀਤਾ, ਨਾ ਵਿਕਾਰਾਂ ਦਾ ਲੇਖਾ ਖਤਮ ਕੀਤਾ ਅਤੇ ਮੌਤ ਦਾ ਸਮਾਂ ਆ ਪਹੁੰਚਿਆ॥ ੨੦੮॥

ਮਹਲਾ ੫॥ ਇਹ ਸਲੋਕ ਨੰਬਰ ੨੦੯, ੨੧੦, ੨੧੧ ਜਿਨ੍ਹਾਂ ਦਾ ਸਿਰਲੇਖ ਮਹਲਾ ੫ ਲਿਖਿਆ ਹੋਇਆ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚਾਰਨ ਕੀਤੇ ਹਨ।

## ਮਹਲਾ ੫॥

**ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ॥ ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ॥ ੨੦੯॥**

ਹੇ ਕਬੀਰ ! ਇਹ ਮਨ ਭੌਂਕਣ ਵਾਲੇ ਕੁੱਤੇ ਸਮਾਨ ਹੈ, ਜਿਹੜਾ (ਮੁਰਦਾਰ) ਝੂਠੇ ਪਦਾਰਥਾਂ ਪਿੱਛੇ ਦੌੜਿਆ ਫਿਰਦਾ ਹੈ, ਮੈਂ ਚੰਗੇ ਕਰਮਾਂ ਕਰਕੇ ਸਤਿਗੁਰੂ ਜੀ ਨੂੰ ਪ੍ਰਾਪਤ ਕੀਤਾ ਹੈ, ਜਿਸ ਨੇ ਮੈਨੂੰ ਮੁਰਦਾਰ ਪਿੱਛੇ ਦੌੜਨ ਤੋਂ ਬਚਾ ਲਿਆ ਹੈ॥ ੨੦੯॥

## ਮਹਲਾ ੫॥

**ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥ ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥ ੨੧੦॥**

ਹੇ ਕਬੀਰ! ਇਹ ਧਰਤੀ ਸਾਧੂ ਮਹਾਤਮਾ ਦੀ (ਧਰਮਸਾਲ) ਹੈ, ਪਰ ਇਸ ਨੂੰ (ਤਸਕਰ) ਮੰਦ ਕਰਮੀ ਲੋਕ ਫੜ

ਕੇ ਮੱਲ ਬੈਠਦੇ ਹਨ। ਕਿ ਧਰਤੀ ਨੂੰ ਉਨ੍ਹਾਂ ਦਾ ਭਾਰ ਜਾਪਦਾ ਨਹੀਂ ? ਉਹ ਤਾਂ ਤਸਕਰਾਂ ਨੂੰ (ਲਾਹੂ ਲਾਹਿ) ਹੇਠਾਂ ਧਸਾ ਦੇਂਦੀ ਹੈ। ਅਰਥਾਤ ਤਸਕਰਾਂ ਨੂੰ ਨਾਸ਼ ਕਰੀ ਜਾਂਦੀ ਹੈ॥ ੨੧੦॥

## ਮਹਲਾ ੫॥

**ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥ ੨੧੧॥**

ਹੇ ਕਬੀਰ ! ਚੌਲ ਨੂੰ ਕੱਢਣ ਵਾਸਤੇ ਚੌਲਾਂ ਦੀ (ਤੁਹ) ਛਿਲੜਾਂ ਉਤੇ ਮੁਹਲੀਆਂ ਲਾਈ (ਮਾਰੀ) ਦੀਆਂ ਹਨ, ਤਿਵੇਂ ਹੀ ਜਿਹੜੇ ਲੋਕ ਖੋਟੇ ਪੁਰਸ਼ਾਂ ਦੀ ਸੰਗਤ ਵਿਚ ਬੈਠਦੇ ਹਨ ਉਨ੍ਹਾਂ ਨੂੰ ਧਰਮ ਰਾਜ ਪੁਛਦਾ ਹੈ (ਵਿਕਾਰੀਆਂ ਪਾਸ ਬੈਠ ਕੇ ਕੀਤੇ ਵਿਕਾਰਾਂ ਦਾ ਲੇਖਾ ਮੰਗਦਾ ਹੈ)॥ ੨੧੧॥

ਇਨ੍ਹਾਂ ਹੇਠਲੇ ਦੋ ਸਲੋਕਾਂ ਵਿਚ ਕਬੀਰ ਜੀ ਭਗਤ ਤ੍ਰਿਲੋਚਨ ਅਤੇ ਨਾਮਦੇਵ ਜੀ ਦੇ ਵਿਕਾਰਾਂ ਦਾ ਵਰਣਨ ਕਰਦੇ ਹਨ।

**ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥ ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥ ੨੧੨॥**

ਤ੍ਰਿਲੋਚਨ ਭਗਤ ਆਪਣੇ ਮਿੱਤਰ ਨਾਮਦੇਵ ਜੀ ਨੂੰ ਕਹਿੰਦੇ ਹਨ, ਹੇ ਮਿਤ੍ਰ ! ਮਾਇਆ ਤੇ ਮੋਹ ਕਰਕੇ, ਰਜਾਈਆਂ ਦੇ ਅਬਰੇ ਛਾਪ ਰਿਹਾ ਹੈਂ, ਪ੍ਰਮਾਤਮਾ ਦੇ ਸਿਮਰਨ ਵਿਚ ਆਪਣੇ ਮਨ ਨੂੰ ਕਿਉਂ ਨਹੀਂ ਜੋੜਦਾ ?॥ ੨੧੨॥

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥**

ਅਗੋਂ ਨਾਮਦੇਵ ਜੀ ਇਸ ਦਾ ਉੱਤਰ ਦੇਂਦੇ ਹਨ, ਹੇ ਤ੍ਰਿਲੋਚਨ ! ਮੂੰਹ ਨਾਲ ਪ੍ਰਮਾਤਮਾ ਦਾ ਨਾਮ ਯਾਦ ਕਰ, ਹੱਥਾਂ ਪੈਰਾਂ ਨਾਲ ਸਾਰੇ ਕੰਮ ਕਰ ਅਤੇ ਆਪਣੇ ਚਿੱਤ ਨੂੰ ਮਾਇਆ ਤੋਂ ਨਿਰਲੇਪ ਪ੍ਰਮਾਤਮਾ ਨਾਲ ਜੋੜ॥ ੨੧੩॥

## ਮਹਲਾ ੫॥

**ਕਬੀਰਾ ਹਮਰਾ ਕੋ ਨਹੀ ਹਮ ਕਿਸਹੂ ਕੇ ਨਾਹਿ॥ ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ॥੨੧੪॥**

ਗੁਰੂ ਅਰਜਨ ਦੇਵ ਜੀ, ਕਬੀਰ ਜੀ ਦੇ ਹਵਾਲੇ ਨਾਲ ਕਹਿੰਦੇ ਹਨ, ਹੇ ਕਬੀਰ ! ਸੰਸਾਰ ਵਿਚ ਸਾਡਾ ਕੋਈ ਨਹੀਂ ਹੈ ਅਤੇ ਨਾ ਹੀ ਅਸੀਂ ਕਿਸੇ ਦੇ ਸਾਥੀ ਹਾਂ। ਜਿਸ ਪ੍ਰਮਾਤਮਾ ਨੇ ਇਹ ਸ੍ਰਿਸ਼ਟੀ ਦੀ ਰਚਨਾ ਰਚੀ ਹੈ, ਉਸ ਦੀ ਯਾਦ ਵਿਚ ਹੀ ਅਸੀਂ ਸਮਾਏ (ਲੀਨ) ਰਹਿੰਦੇ ਹਾਂ॥ ੨੧੪॥

**ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ॥ ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ॥੨੧੫॥**

ਕਬੀਰ ਜੀ ਕਹਿੰਦੇ ਹਨ, ਕਿ ਆਟਾ ਚਿੱਕੜ ਵਿਚ ਡਿੱਗ

ਪਿਆ ਤੇ ਕੁਝ ਵੀ ਹੱਥ ਨਾ ਆਇਆ। ਜਿਹੜਾ ਕੁਝ ਪੀਸਦਿਆਂ ਪੀਸਦਿਆਂ ਫੱਕੇ ਮਾਰ ਕੇ ਚੱਬ ਲਿਆ ਸੀ ਉਹੀ ਤੋੜ ਤੱਕ ਚਲਿਆ॥ ੨੧੫॥

ਭਾਵ-ਉਮਰ ਰੂਪੀ ਚੱਕੀ ਵਿਚ ਸੁਆਸਾਂ ਦਾ ਆਟਾ ਸੰਸਾਰ ਦੇ ਧੰਧਿਆਂ ਰੂਪੀ ਚਿੱਕੜ ਵਿਚ ਡਿੱਗ ਕੇ ਬੇਅਰਥ ਚਲਿਆ ਜਾਂਦਾ ਹੈ। ਪਰ ਜਿਹੜਾ ਕੁਝ ਸਮਾਂ ਕਿਸੇ ਸਤਿਸੰਗ ਵਿਚ ਜਾਂ ਪ੍ਰਭੂ ਸਿਮਰਨ ਵਿਚ ਬਤੀਤ ਕੀਤਾ ਜਾਏ ਉਹੀ ਅੰਤ ਨੂੰ ਨਾਲ ਨਿਭਦਾ ਹੈ ਇਹੀ ਸਮਾਂ ਪੀਂਹਦਿਆਂ ਪੀਂਹਦਿਆਂ (ਕਾਰ ਵਿਹਾਰ ਕਰਦਿਆਂ) ਪ੍ਰਮਾਤਮਾ ਨਾਮ ਦੇ ਫੱਕੇ ਮਾਰਨੇ ਕਹੇ ਹਨ।

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ ੨੧੬॥**

ਕਬੀਰ ਜੀ ਕਹਿੰਦੇ ਹਨ-ਮਨ ਸਭ ਗੱਲਾਂ ਜਾਣਦਾ ਹੋਇਆ ਵੀ (ਕਿ ਮਾੜੀ ਕਿਹੜੀ ਤੇ ਚੰਗੀ ਕਿਹੜੀ) ਗੁਨਾਹ ਕਰਦਾ ਹੈ। ਜਿਸ ਦੇ ਹੱਥ ਵਿਚ ਦੀਵਾ ਹੋਵੇ ਤੇ ਉਹ ਖੂਹ ਵਿਚ ਡਿੱਗ ਪਵੇ, ਉਸ ਨੂੰ ਦੀਵੇ ਦਾ ਕੀ ਸੁਖ ਹੈ ? ਇਹ ਜਾਣ ਲੈਣਾ ਕਿ ਕੁਕਰਮ ਪਾਪ ਹੈ, ਇਸ ਗਿਆਨ ਚਾਨਣੇ ਦੇ ਹੁੰਦਿਆਂ ਵੀ ਫਿਰ ਜਿਹੜਾ ਕੁਕਰਮਾਂ ਦੇ ਖੂਹ ਵਿਚ ਡਿੱਗ ਪਵੇ ਉਸ ਨੂੰ ਕੁਕਰਮ ਦੇ ਗਿਆਨ ਹੋਣ ਦਾ ਕੋਈ ਲਾਭ ਨਹੀਂ ਹੈ॥ ੨੧੬॥

**ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥ ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥ ੨੧੭॥**

ਹੇ ਕਬੀਰ! (ਸੁਜਾਨ) ਘਟ ਘਟ ਦੀ ਜਾਨਣ ਵਾਲੇ ਪ੍ਰਮਾਤਮਾ ਨਾਲ ਲੱਗੀ ਹੋਈ ਪ੍ਰੀਤੀ ਵਲੋਂ ਮੂਰਖ ਲੋਕ ਹਟਾਉਂਦੇ ਹਨ, ਭਲਾ ਉਸ ਨਾਲੋਂ ਪ੍ਰੀਤ ਤੋੜਨੀ ਕਿਸ ਤਰ੍ਹਾਂ ਬਣਦੀ (ਠੀਕ ਹੋ ਸਕਦੀ) ਹੈ, ਜਿਸ ਦੇ ਦਿਤੇ ਹੋਏ ਜਿੰਦ ਤੇ ਪ੍ਰਾਨ ਹਨ। (ਕਿਉਂਕਿ ਜਿੰਦ) ਪਰਾਨਾਂ ਤੋਂ ਬਿਨਾਂ ਜੀਵ ਦੀ ਕੋਈ ਹੋਂਦ ਹੀ ਨਹੀਂ ਰਹਿੰਦੀ॥ ੨੧੭॥

**ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥ ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥੨੧੮॥**

ਹੇ ਕਬੀਰ ! ਮਹਿਲਾਂ ਮਾੜੀਆਂ ਨਾਲ ਪ੍ਰੇਮ ਕਰਕੇ ਉਨ੍ਹਾਂ ਨੂੰ ਸਵਾਰ ਸਵਾਰ ਕੇ ਕਿਉਂ ਖੱਪ ਰਹੇ ਹੋ ? ਅੰਤ ਤਾਂ ਤੇਰੇ ਕਰਮਾਂ ਨੂੰ ਸਾਢੇ ਤਿੰਨ ਹੱਥ (ਕਬਰ ਦੀ) ਥਾਂ ਹੀ ਆਉਣੀ ਹੈ, ਜੇ ਬਹੁਤੀ ਹੋਵੇਗੀ ਤਾਂ ਪੌਣੇ ਚਾਰ ਹੱਥ ਕਬਰ ਲੰਮੀ ਬਣ ਜਾਏਗੀ॥ ੨੧੮॥

**ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥੨੧੯॥**

ਕਬੀਰ ਜੀ ਕਹਿੰਦੇ ਹਨ-ਜਿਹੜੀ ਗੱਲ ਮੈਂ ਸੋਚਦਾ ਹਾਂ ਉਹ ਪ੍ਰਮਾਤਮਾ ਨਹੀਂ ਕਰਦਾ, ਫਿਰ ਮੇਰੇ ਸੋਚਣ ਨਾਲ ਕੀ ਬਣਦਾ ਹੈ। ਪ੍ਰਮਾਤਮਾ ਆਪਣਾ ਸੋਚਿਆ ਹੋਇਆ ਹੀ ਕਰਦਾ ਹੈ, ਜਿਹੜਾ ਕਿ ਮੇਰੇ ਮਨ ਵਿਚ ਚੇਤੇ ਨਹੀਂ ਹੁੰਦਾ॥ ੨੧੯॥

ਨੋਟ-ਸ੍ਰੀ ਗੁਰੂ ਅਮਰਦਾਸ ਜੀ ਕਬੀਰ ਜੀ ਦੇ ਉਪਰਲੇ ਸਲੋਕ ਪ੍ਰਥਾਇ ਆਪਣੇ ਵਿਚਾਰ ਪ੍ਰਗਟ ਕਰਦੇ ਹਨ।

## ਮ: ੩ ॥

**ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ ॥ ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ ॥ ੨੨੦ ॥**

ਗੁਰੂ ਜੀ ਕਹਿੰਦੇ ਹਨ-ਪ੍ਰਮਾਤਮਾ ਆਪ ਹੀ ਜੀਵਾਂ ਦੀ ਚਿੰਤਾ ਕਰਦਾ ਹੈ ਤੇ ਆਪ ਹੀ ਜੀਵਾਂ ਨੂੰ ਚਿੰਤਾ ਰਹਿਤ ਕਰਦਾ ਹੈ। ਉਸ ਪ੍ਰਮਾਤਮਾ ਦੀ ਸਿਫਤ ਸਲਾਹ ਕਰੀਏ, ਜਿਹੜਾ ਸਾਰਿਆਂ ਦੀ ਸੰਭਾਲ ਕਰਦਾ ਹੈ। ਆਪ ਨਾ ਕਿਸੇ ਗੱਲ ਦੀ ਚਿੰਤਾ ਕਰੀਏ ਅਤੇ ਨਾ ਹੀ ਚਿੰਤਾ ਰਹਿਤ ਹੋਈਏ ॥ ੨੨੦ ॥

ਮਹਲਾ ੫ ॥ ਇਸ ਸਲੋਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਕਬੀਰ ਸਾਹਿਬ ਦੇ ਉਪਰਲੇ ਸਲੋਕ ਨੰ: ੨੧੯ ਪ੍ਰਥਾਏ ਆਪਣੇ ਵਿਚਾਰ ਪ੍ਰਗਟ ਕਰਦੇ ਹਨ।

## ਮ: ੫ ॥

**ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥ ਪਾਪ ਕਰੰਤਾ ਮਰਿ ਗਇਆ ਅਉਧ ਪੁਨੀ ਖਿਨ ਮਾਹਿ ॥ ੨੨੧ ॥**

ਹੇ ਕਬੀਰ ਭਗਤ ! ਪੁਰਸ਼ ਨੇ ਪ੍ਰਮਾਤਮਾ ਦਾ ਨਾਮ ਨਾ ਜਪਿਆ ਤੇ ਪਦਾਰਥਾਂ ਦੇ ਲਾਲਚ ਵਿਚ ਹੀ ਭਟਕਦਾ ਫਿਰਦਾ ਹੈ। ਇਸ ਤਰ੍ਹਾਂ ਪਾਪ ਕਰਦਾ ਕਰਦਾ ਹੀ ਮਰ ਜਾਂਦਾ ਹੈ, (ਉਸ ਦੇ ਲਾਲਚ ਅਜੇ ਪੂਰੇ ਨਹੀਂ ਹੁੰਦੇ) ਕਿ ਛਿਨ ਵਿਚ ਹੀ ਉਸ ਦੀ ਉਮਰ ਪੂਰੀ ਹੋ ਜਾਂਦੀ ਹੈ (ਤੇ ਅੱਗੇ ਨੂੰ ਤੁਰਦਾ ਹੁੰਦਾ ਹੈ) ॥ ੨੨੧ ॥

**ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥ ਸਾਬਤੁ ਰਖਹਿ ਤ ਰਾਮ ਭਜੁ ਨਾਹਿ ਨ ਬਿਨਠੀ ਬਾਤ ॥ ੨੨੨ ॥**

ਕਬੀਰ ਜੀ ਕਹਿੰਦੇ ਹਨ-ਇਹ ਦੇਹੀ ਕੱਚੀ ਮਟਕੀ ਹੈ ਅਤੇ ਇਹ ਅਸਲ ਵਿਚ ਨਿਰੋਲ ਕੱਚੀ ਮਿੱਟੀ ਹੈ। ਜੇਕਰ ਤੂੰ ਇਸ ਨੂੰ ਸਾਬਤ ਰਖਣਾ ਚਾਹੁੰਦਾ ਹੈਂ, ਪ੍ਰਮਾਤਮਾ ਦਾ ਸਿਮਰਨ ਕਰ, ਨਹੀਂ ਤਾਂ (ਬਿਨਠੀ ਬਾਤ) ਇਸ ਦੇਹੀ ਦੀ ਗੱਲ ਨੂੰ ਨਾਸ ਹੋਇਆ ਹੀ ਜਾਣੋ ॥ ੨੨੨ ॥

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥ ੨੨੩ ॥**

ਕਬੀਰ ਜੀ ਕਹਿੰਦੇ ਹਨ, (ਸੁਆਸ ਸੁਆਸ) ਪ੍ਰਮਾਤਮਾ ਦਾ ਨਾਮ ਜਪਦੇ ਰਹੀਏ, ਕਦੀ ਬੇ-ਖਬਰ, ਬੇ-ਪ੍ਰਵਾਹ ਹੋ ਕੇ ਨਾ ਸਵੀਏਂ, ਰਾਤ ਦਿਨ ਅਰਥਾਤ ਹਰ ਸਮੇਂ ਸਿਮਰਨ (ਯਾਦ) ਕਰਨ ਨਾਲ ਕਦੀ ਨਾ ਕਦੀ ਪ੍ਰਮਾਤਮਾ ਪੁਕਾਰ ਸੁਣ ਹੀ ਲਵੇਗਾ ॥ ੨੨੩ ॥

**ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ ॥ ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ ॥ ੨੨੪ ॥**

ਕਬੀਰ ਜੀ ਕਹਿੰਦੇ ਹਨ-ਸਰੀਰ (ਕਜਲੀ ਬਨ) ਕੇਲਿਆਂ ਦੇ ਜੰਗਲ ਸਮਾਨ ਬਣਿਆ ਹੋਇਆ ਹੈ, ਜਿਸ ਵਿਚ ਮਨ ਇਕ ਮਸਤ ਹਾਥੀ ਹੈ। ਇਸ ਮਸਤ ਹਾਥੀ ਮਨ ਨੂੰ ਸਿੱਧਾ ਤੋਰਨ

ਵਾਸਤੇ ਗੁਰੂ ਦਾ ਸਰੇਸ਼ਟ ਗਿਆਨ ਕੁੰਡਾ ਹੈ। ਇਸ ਕੁੰਡੇ ਨਾਲ ਹਾਥੀ ਨੂੰ (ਖੇਵਟੁ) ਚਲਾਉਣ ਵਾਲਾ ਕੋਈ ਵਿਰਲਾ ਹੀ ਸੰਤ ਮਹਾਤਮਾ ਹੁੰਦਾ ਹੈ॥ ੨੨੪॥

**ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥ ਕੋਈ ਆਇ ਮਿਲੈਗੋ ਗਾਹਕੀ ਲੇ ਗੋ ਮਹਗੇ ਮੋਲਿ॥ ੨੨੫॥**

ਕਬੀਰ ਜੀ ਕਹਿੰਦੇ ਹਨ-ਰਾਮ ਦਾ ਨਾਮ ਰੂਪ ਇਕ ਬਹੁ ਮੁਲਾ ਰਤਨ ਹੈ, ਇਸ ਨੂੰ ਸਾਂਭ ਕੇ ਰੱਖਣ ਵਾਸਤੇ ਆਪਣੇ ਮੂੰਹ ਦੀ (ਕੋਥਰੀ) ਗੁੱਥੀ ਬਣਾਓ ਅਤੇ ਇਸ ਗੁੱਥੀ ਨੂੰ ਕਿਸੇ ਪਾਰਖੂ ਅੱਗੇ ਹੀ ਖੋਲ੍ਹੋ। ਇਸ ਨੂੰ ਖਰੀਦਣ ਵਾਸਤੇ ਕੋਈ ਗਾਹਕ ਆ ਜਾਏਗਾ ਅਤੇ (ਮਹਗੇ ਮੋਲਿ) ਮਨ ਤਨ ਦੇ ਕੇ ਇਸ ਨੂੰ ਖਰੀਦ ਲਵੇਗਾ॥ ੨੨੫॥

**ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ॥ ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ॥ ੨੨੬॥**

ਕਬੀਰ ਜੀ ਕਹਿੰਦੇ ਹਨ-ਇਸ ਪੁਰਸ਼ ਨੇ ਰਾਮ ਨਾਮ ਨੂੰ ਕੁਝ ਸਮਝਿਆ ਨਹੀਂ ਤੇ ਬਹੁਤ ਸਾਰੇ ਟੱਬਰ ਨੂੰ ਪਾਲਦਾ ਰਿਹਾ। ਟੱਬਰ ਦੇ ਧੰਦਿਆਂ ਵਿਚ ਹੀ ਮਰ ਗਿਆ, ਪਰ ਕਦੇ ਵੀ ਮੂੰਹ ਤੋਂ ਰਾਮ ਨਾਮ ਦੀ ਅਵਾਜ਼ ਨਾ ਨਿਕਲੀ॥ ੨੨੬॥

**ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ॥ ਮਨੁ ਜੰਜਾਲੁ ਨ ਛੋਡਈ ਜਮ ਦੀਆ**

**ਦਮਾਮਾ ਆਇ ॥ ੨੨੭ ॥**

ਕਬੀਰ ਜੀ ਕਹਿੰਦੇ ਹਨ-ਪੁਰਸ਼ ਦੀ ਉਮਰ ਅੱਖਾਂ ਦੇ (ਮਾਟੁਕੇ) ਝਮਕਣ ਵਿਚ ਹੀ ਛਿਨ ਛਿਨ ਕਰਕੇ ਬੀਤ ਜਾਂਦੀ ਹੈ, ਪਰ ਉਸ ਦਾ ਮਨ ਅਜੇ ਵੀ ਕੁਟੰਬ ਦੇ ਧੰਦਿਆਂ ਨੂੰ ਨਹੀਂ ਛੱਡਦਾ, ਅੰਤ ਨੂੰ ਜਮਾਂ ਨੇ ਆਣ ਕੇ ਮੌਤ ਦਾ ਨਗਾਰਾ ਵਜਾ ਦਿਤਾ ॥ ੨੨੭ ॥

**ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ ॥ ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ ॥ ੨੨੮ ॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਦਾ ਨਾਮ ਰੂਪ ਇਕ ਬ੍ਰਿੱਛ ਹੈ ਅਤੇ ਬੈਰਾਗ ਰੂਪ ਉਸ ਦਾ ਫਲ ਹੈ। ਪ੍ਰਮਾਤਮਾ ਰੂਪ ਬ੍ਰਿੱਛ ਦੀ ਛਾਇਆ ਸਾਧੂ ਲੋਕ ਹਨ, ਜਿਨ੍ਹਾਂ ਨੇ ਸੰਸਾਰ ਦੇ ਝਗੜੇ ਝਾਂਜੇ ਤਿਆਗ ਦਿਤੇ ਹੋਏ ਹਨ। ਬ੍ਰਿੱਛ ਦੀ ਛਾਂ ਹੇਠ ਭਾਵੇਂ ਕੋਈ ਆਣ ਬੈਠੇ, ਉਹ ਉਸ ਨਾਲ ਕਿਸੇ ਪ੍ਰਕਾਰ ਝਗੜਾ ਨਹੀਂ ਕਰਦੀ, ਸੋ ਏਹੀ ਪੂਰਨ ਸਾਧੂ ਦੇ ਲੱਛਣ ਹਨ ॥ ੨੨੮ ॥

**ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥ ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥ ੨੨੯ ॥**

ਕਬੀਰ ਜੀ ਕਹਿੰਦੇ ਹਨ-ਐਸਾ ਬੀਜ ਬੀਜੋ, ਜੋ ਬਾਰਾਂ ਮਹੀਨੇ ਹੀ ਫਲਦਾ ਰਹਿੰਦਾ ਹੈ। ਜਿਸ ਦੀ ਠੰਡੀ ਛਾਂ (ਗਹਿਰ) ਗੂੜ੍ਹਾ-ਸੰਘਣਾ ਫਲ ਹੋਵੇ ਅਤੇ ਪੰਛੀ ਉਸ ਉਤੇ ਬੈਠ ਕੇ ਖੇਡਾਂ ਖੇਡਣ, ਅਨੰਦ ਕਰਨ ॥ ੨੨੯ ॥

**ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ॥ ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ॥੨੩੦॥**

ਕਬੀਰ ਜੀ ਕਹਿੰਦੇ ਹਨ-ਦਾਤਾ ਰੂਪ ਇਕ ਬ੍ਰਿੱਛ ਹੈ, ਜਿਸ ਨੂੰ ਦਇਆ ਦੇ ਫਲ ਲੱਗਦੇ ਹਨ, ਐਸੇ ਦਇਆਵਾਨ ਉਪਕਾਰ ਕਰਨ ਵਾਲੇ ਪੁਰਸ਼ ਸਦਾ (ਜੀਵੰਤ) ਜੀਉਂਦੇ ਹਨ। (ਬ੍ਰਿੱਛ ਦੇ ਫਲ ਖਾਣ ਵਾਲੇ ਅਤੇ ਛਾਂ ਹੇਠ ਬੈਠਣ ਵਾਲੇ) ਪੰਛੀ, ਸਾਧੂ ਜਨ, ਹੋਰ ਹੋਰ ਦੇਸਾਂ ਨੂੰ ਚਲੇ ਜਾਂਦੇ ਹਨ ਅਤੇ ਉਸ ਬ੍ਰਿੱਛ ਨੂੰ ਅਸੀਸਾਂ ਦੇ ਜਾਂਦੇ ਹਨ ਕਿ ਹੇ ਸੁਖਦਾਈ ਬ੍ਰਿੱਛ! ਸਦਾ ਹੀ ਫਲਦਾ ਫੂਲਦਾ ਰਹੇ॥ ੨੩੦॥

**ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ॥ ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ॥੨੩੧॥**

ਕਬੀਰ ਜੀ ਕਹਿੰਦੇ ਹਨ-ਸਾਧ ਸੰਗਤ ਦੀ ਉਸ ਮਨੁੱਖ ਨੂੰ ਪ੍ਰਾਪਤੀ ਹੁੰਦੀ ਹੈ, ਜਿਸ ਦੇ (ਲਿਲਾਟ) ਮੱਥੇ ਤੇ ਲੇਖ ਲਿਖਿਆ ਹੋਵੇ ਚੰਗੇ ਭਾਗ ਹੋਣ। ਸਾਧ ਦੀ ਸੰਗਤ ਤੋਂ ਮੁਕਤੀ ਪਦ ਪਾਈਦਾ ਹੈ, ਫਿਰ (ਅਵਘਟ ਘਾਟ) ਔਖੀਆਂ ਘਾਟੀਆਂ ਸੰਸਾਰ ਦੇ ਝੰਜਟ ਉਸ ਨੂੰ (ਚੰਗੇ ਰਸਤੇ ਚਲਣ ਵਿਚ) ਰੋਕ ਨਹੀਂ ਪਾਉਂਦੇ॥ ੨੩੧॥

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ੨੩੨॥**

ਕਬੀਰ ਜੀ ਕਹਿੰਦੇ ਹਨ-ਇਕ ਘੜੀ ਅੱਧੀ ਘੜੀ ਅਤੇ ਅੱਧੀ ਤੋਂ ਵੀ ਅੱਧੀ। ਜਿਤਨਾ ਸਮਾਂ ਵੀ ਪ੍ਰਭੂ ਦੇ ਭਗਤਾਂ ਨਾਲ ਗਿਆਨ ਚਰਚਾ ਤਥਾ ਸੰਗਤ ਕੀਤੀ ਜਾਵੇ, ਉਹੀ ਲਾਭ ਹੈ॥ ੨੩੨॥

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ ੨੩੩॥**

ਕਬੀਰ ਜੀ ਕਹਿੰਦੇ ਹਨ-ਭੰਗ (ਸੁਖਾ) ਪੀਣਾ, ਮੱਛੀ ਮਾਸ ਖਾਣਾ (ਸੁਰਾ) ਸ਼ਰਾਬ ਪੀਣਾ, ਪਾਨ ਖਾਣਾ, ਜਿਹੜਾ ਜਿਹੜਾ ਪੁਰਸ਼ ਵੀ ਕਰਦਾ ਹੈ, ਉਸ ਦੇ ਤੀਰਥ ਇਸ਼ਨਾਨ, ਵਰਤ ਰੱਖਣ ਅਤੇ ਹੋਰ ਚੰਗੇ ਨਿਯਮ ਕੀਤੇ ਹੋਏ (ਤੇ) ਉਹ ਸਾਰੇ ਹੀ (ਰਸਾਤਲਿ) ਗਰਕ ਨਿਸਫਲ ਜਾਂਦੇ ਹਨ। ਅਰਥਾਤ-ਇਨ੍ਹਾਂ ਬੁਰੀਆਂ ਚੀਜ਼ਾਂ ਦੇ ਵਰਤਨ ਵਾਲੇ ਦੇ ਕੀਤੇ ਹੋਏ ਕਰਮ, ਧਰਮ ਸਾਰੇ ਹੀ ਬੇਅਰਥ ਜਾਂਦੇ ਹਨ। ਇਨ੍ਹਾਂ ਕਰਮਾਂ ਦਾ ਉਹਨਾਂ ਨੂੰ ਕੋਈ ਲਾਭ ਨਹੀਂ ਪਹੁੰਚਦਾ॥ ੨੩੩॥

**ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥ ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥ ੨੩੪॥**

ਕਬੀਰ ਜੀ ਕਹਿੰਦੇ ਹਨ-ਆਪਣੇ ਸੱਜਣ ਨੂੰ ਹਿਰਦੇ ਵਿਚ ਲੈ ਕੇ (ਸੰਸਾਰ ਵਲੋਂ) ਅੱਖਾਂ ਨੀਂਵੀਆਂ ਕਰ ਰਖੀਆਂ ਹਨ, ਫਿਰ ਉਸ ਪਿਆਰੇ ਸੱਜਣ (ਪ੍ਰਭੂ) ਨਾਲ ਮੈਂ ਸਾਰੇ (ਰਸ) ਅਨੰਦ ਮਾਣਦੀ ਹਾਂ ਅਤੇ ਹੋਰ ਕਿਸੇ ਨੂੰ ਇਸ ਦਾ ਭੇਤ ਨਹੀਂ ਦਸਦੀ॥ ੨੩੪॥

**ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥ ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥ ੨੩੫ ॥**

ਕਬੀਰ ਜੀ ਕਹਿੰਦੇ ਹਨ-ਹੇ ਪਤੀ ਪ੍ਰਮਾਤਮਾ! ਅੱਠ ਪਹਿਰ ਤੇ ਚੌਹਠ ਘੜੀਆਂ ਮੇਰਾ ਮਨ ਤੈਨੂੰ ਹੀ ਵੇਖਦਾ (ਦਰਸ਼ਨ ਕਰਦਾ) ਰਹੇ, ਮੈਂ ਅੱਖਾਂ ਨੀਵੀਆਂ ਕਿਉਂ ਕਰਾਂ, ਜਦੋਂ ਮੈਂ ਸਭ ਸਰੀਰਾਂ ਵਿਚ ਤੈਨੂੰ ਪਤੀ ਪ੍ਰਮਾਤਮਾ ਨੂੰ ਹੀ ਵੇਖਦਾ ਹਾਂ॥ ੨੩੫ ॥

**ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ ॥ ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ ॥ ੨੩੬ ॥**

ਹੇ ਸਖੀ ਸੁਣ ! ਪਿਆਰੇ ਪ੍ਰਭੂ ਪਤੀ ਵਿਚ ਮੇਰੀ ਜਿੰਦ ਵਸਦੀ ਹੈ, ਜਾਂ ਮੇਰੀ ਜਿੰਦ ਵਿਚ ਪਿਆਰਾ ਪ੍ਰਭੂ ਵਸ ਰਿਹਾ ਹੈ, ਮੈਂ ਆਪਣੀ ਜਿੰਦ ਤੇ ਪ੍ਰਭੂ ਨੂੰ ਸਮਝ ਨਹੀਂ ਸਕਦੀ ਕਿ ਮੇਰੇ ਹਿਰਦੇ ਵਿਚ ਮੇਰੀ ਜਿੰਦ ਹੈ ਕਿ ਪਿਆਰਾ ਹੈ। (ਮੈਂ ਇਸ ਭੇਤ ਨੂੰ ਨਿਖੇੜ ਨਹੀਂ ਸਕਦੀ)॥ ੨੩੬ ॥

**ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥ ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥ ੨੩੭ ॥**

ਕਬੀਰ ਜੀ ਕਹਿੰਦੇ ਹਨ-ਬ੍ਰਾਹਮਣ ਜਗਤ ਦੇ ਜੀਵਾਂ ਦਾ ਗੁਰੂ ਹੈ ਪਰ ਭਗਤਾਂ ਦਾ ਗੁਰੂ ਨਹੀਂ, ਕਿਉਂਕਿ ਇਹ ਆਪ ਚਾਰ ਵੇਦਾਂ ਦੇ ਕਰਮ ਕਾਂਡ ਦੀ ਉਲਝਣ ਵਿਚ ਖੱਪ ਖੱਪ ਕੇ ਮਰ ਜਾਂਦਾ ਹੈ।

(ਇਸ ਨੇ ਹੋਰ ਲੋਕਾਂ ਦਾ ਭਲਾ ਕੀ ਕਰਨਾ ਹੈ)॥ ੨੩੭॥

**ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥ ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥੨੩੮॥**

ਕਬੀਰ ਜੀ ਕਹਿੰਦੇ ਹਨ-ਪ੍ਰਮਾਤਮਾ ਦਾ ਨਾਮ ਰੂਪ ਖੰਡ ਹੈ ਜੋ ਰੇਤ ਵਿਚ ਖਿੰਡਰੀ ਹੋਈ ਹੈ ਅਤੇ ਇਹ ਹਾਥੀ ਪਾਸੋਂ ਚੁਣੀ ਨਹੀਂ ਜਾਂਦੀ। ਗੁਰੂ ਜੀ ਨੇ ਚੰਗੀ ਗੱਲ ਸਮਝਾ ਦਿਤੀ ਹੈ ਕਿ ਪੁਰਸ਼ ਇਸ ਖੰਡ ਨੂੰ ਕੀੜੀ ਬਣ ਕੇ ਖਾ ਸਕਦਾ ਹੈ॥ ੨੩੮॥

ਭਾਵ-ਇਹ ਹਾਥੀ ਹਉਮੈ ਦਾ ਪ੍ਰਤੀਕ ਹੈ ਅਤੇ ਕੀੜੀ ਨਿੰਮ੍ਰਤਾ ਦਾ ਸੂਚਕ ਹੈ। ਰੇਤ ਦੁਨੀਆਂ ਦੇ ਕਾਰ ਵਿਹਾਰ ਅਤੇ ਪ੍ਰਮਾਤਮਾ ਦਾ ਨਾਮ ਸਿਮਰਨ ਰੂਪ ਖੰਡ ਹੈ। ਇਹ ਨਿਮ੍ਰਤਾ ਭਾਵ ਧਾਰਨ ਕਰਕੇ ਹੀ ਸੰਸਾਰਕ ਧੰਦਿਆਂ ਵਿਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਹਉਮੈ ਦੇ ਦੀਰਘ ਰੋਗ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ॥੨੩੯॥**

ਕਬੀਰ ਜੀ ਕਹਿੰਦੇ ਹਨ-ਜੇ ਤੈਨੂੰ ਪਿਆਰੇ ਪ੍ਰਭੂ ਦੇ ਮਿਲਣ ਦੀ ਸ਼ਰਧਾ ਹੈ ਤਾਂ ਆਪਣਾ ਸਿਰ ਕੱਟ ਕੇ (ਗੋਇ) ਗੇਂਦ ਬਣਾ ਲੈ ਅਤੇ ਇਸ ਗੇਂਦ ਨਾਲ ਖੇਡਦਾ ਖੇਡਦਾ (ਹਾਲ ਕਰਿ) ਮਸਤੀ ਵਿਚ ਰੰਗਿਆ ਜਾਹ, ਫਿਰ ਜੋ ਕੁਝ ਹੋਵੇ ਸੋ ਹੋਵੇ (ਤੂੰ ਦੁਨੀਆਂ ਵਲ ਨਾ ਵੇਖ)॥ ੨੩੯॥

**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥ ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥ ੨੪੦ ॥**

ਕਬੀਰ ਜੀ ਕਹਿੰਦੇ ਹਨ-ਜੇ ਤੈਨੂੰ ਆਪਣੇ ਪਿਆਰੇ ਨੂੰ ਮਿਲਣ ਦੀ ਸ਼ਰਧਾ ਹੈ ਤਾਂ (ਪਾਕੇ) ਪੱਕੇ ਗੁਰੂ ਨਾਲ ਖੇਡ, ਕਿਉਂਕਿ ਕੱਚੇ ਗੁਰੂ ਤੋਂ ਨਾ ਲੋਕ ਦਾ ਸੁਖ ਅਤੇ ਨਾ ਪ੍ਰਲੋਕ ਦਾ ਸੁਖ ਪ੍ਰਾਪਤ ਹੁੰਦਾ ਹੈ, ਜਿਸ ਤਰ੍ਹਾਂ ਕੱਚੀ ਸਰੋਂ ਨੂੰ ਪੀੜਨ ਕਰਕੇ ਉਸ ਤੋਂ ਨਾ ਤੇਲ ਪ੍ਰਾਪਤ ਹੁੰਦਾ ਹੈ ਨਾ ਹੀ ਖਲ ਪ੍ਰਾਪਤ ਹੁੰਦੀ ਹੈ॥ ੨੪੦ ॥

**ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥ ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥ ੨੪੧ ॥**

ਇਸ ਸਲੋਕ ਵਿਚ ਕਬੀਰ ਜੀ ਨੇ ਭਗਤ ਨਾਮ ਦੇਵ ਜੀ ਦਾ ਵੀਚਾਰ ਪ੍ਰਗਟ ਕੀਤਾ ਹੈ-

ਨਾਮਦੇਵ ਜੀ ਕਹਿੰਦੇ ਹਨ-ਜੋ ਲੋਕ (ਅੰਧ ਗਤਿ) ਅੰਨ੍ਹਿਆਂ ਵਾਂਗੂੰ ਡੋਲਦੇ ਭਟਕਦੇ ਫਿਰਦੇ ਹਨ ਅਤੇ ਸੰਤਾਂ ਨੂੰ ਨਹੀਂ ਪਛਾਣਦੇ ਸੰਤਾਂ ਦੀ ਸ਼ਰਨ ਗ੍ਰਹਿਣ ਨਹੀਂ ਕਰਦੇ। ਉਹ (ਭਗਤਹੁ) ਭਗਤਾਂ ਦੀ ਸੰਗਤ ਤੋਂ ਬਿਨਾਂ ਭਗਵਾਨ ਨੂੰ ਕਿਸ ਤਰ੍ਹਾਂ ਪਾ ਸਕਦੇ ਹਨ ? ਅਰਥਾਤ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਉਸ ਦੇ ਸੰਤਾਂ ਭਗਤਾਂ ਦੀ ਸੰਗਤ ਕਰਨੀ ਬਹੁਤ ਜ਼ਰੂਰੀ ਹੈ ॥ ੨੪੧ ॥

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ**

**ਰਵਿਦਾਸ ॥ ੨੪੨ ॥**

ਕਬੀਰ ਜੀ ਕਹਿੰਦੇ ਹਨ-ਭਗਤ ਰਵਿਦਾਸ ਜੀ ਨੇ ਸੱਚ ਕਿਹਾ ਕਿ ਪ੍ਰਮਾਤਮਾ ਦੇ ਨਾਮ ਰੂਪ ਹੀਰੇ ਨੂੰ ਛੱਡ ਕੇ ਜੋ ਲੋਕ ਦੂਸਰੇ ਦੀ ਆਸ ਰੱਖ ਕੇ ਆਤਮਿਕ ਸੁਖ ਚਾਹੁੰਦੇ ਹਨ, ਉਹ ਅਵੱਸ਼ ਹੀ ਨਰਕਾਂ ਨੂੰ ਜਾਣਗੇ॥ ੨੪੨ ॥

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥ ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥ ੨੪੩ ॥**

ਕਬੀਰ ਜੀ ਕਹਿੰਦੇ ਹਨ-ਜੇ ਤੂੰ (ਗ੍ਰਿਹੁ) ਘਰ ਗ੍ਰਹਿਸਤ ਕਰਨਾ ਹੈ ਤਾਂ ਧਰਮ ਕਰ, ਪਰ ਜੇ ਧਰਮ ਨਹੀਂ ਕਰ ਸਕਦਾ ਤਾਂ (ਬੈਰਾਗੁ) ਤਿਆਗ ਧਾਰਨ ਕਰ ਲੈ (ਭਾਵ ਤਿਆਗੀ ਹੋ ਜਾਹ) ਪਰ ਜੇਕਰ ਕੋਈ ਤਿਆਗੀ ਹੋ ਕੇ ਫਿਰ ਗ੍ਰਹਿਸਤ ਦੇ ਧੰਧੇ ਹੀ ਕਰਦਾ ਹੈ ਤਾਂ ਉਸ ਦੇ ਬੜੇ ਖੋਟੇ ਭਾਗ ਹਨ॥ ੨੪੩ ॥

**ਸਮਾਪਤ ॥**

## ਸੁੰਦਰ ਗੁਟਕਾ ਸਟੀਕ

(ਪੰਡਤ ਨਰੈਣ ਸਿੰਘ ਜੀ)

ਇਸ ਗੁਟਕੇ ਵਿਚ ਗਿਆਰਾਂ ਪ੍ਰਮੁੱਖ ਬਾਣੀਆਂ ਦਾ ਬੜੀ ਸਰਲ ਪੰਜਾਬੀ ਵਿਚ ਟੀਕਾ ਕੀਤਾ ਗਿਆ ਹੈ। ਮੋਟੇ ਅੱਖਰ, ਕਿਤਾਬੀ ਸਾਇਜ਼ 'ਚ ਨਵੀਂ ਕੰਪਿਊਟਰ ਵਿੱਧੀ ਦੀ ਛਪਾਈ ਸਹਿਤ। 170-00

## ਸੰਕਟ ਮੋਚਨ ਸ਼ਬਦ

(ਸੰਗ੍ਰਹਿ ਕਰਤਾ-ਗਿਆਨੀ ਨਰੈਣ ਸਿੰਘ ਜੀ)

ਇਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 108 ਚੋਣਵੇਂ ਸ਼ਬਦ ਹਨ। ਜੋ ਮਨ ਦੀਆਂ ਆਸ ਹੋਵੇ, ਉਹ ਸ਼ਬਦ ਦੱਸੀ ਵਿਧੀ ਅਨੁਸਾਰ ਪੜ੍ਹੋ। ਆਸਾਂ ਮੁਰਾਦਾਂ ਪੂਰੀਆਂ ਹੋਣਗੀਆਂ ਅਤੇ ਸਭੇ ਕਾਰਜ ਰਾਸ ਹੋਣਗੇ। 20-00

## ਗ਼ਜ਼ਲਾਂ ਭਾਈ ਨੰਦ ਲਾਲ ਜੀ ਸਟੀਕ

ਭਾਈ ਨੰਦ ਲਾਲ ਜੀ ਗੋਯਾ, ਗੁਰੂ ਗੋਬਿੰਦ ਸਿੰਘ ਜੀ ਦੇ ਬੜੇ ਪਿਆਰੇ ਸਿੱਖ ਸਨ। ਆਪ ਫ਼ਾਰਸੀ ਦੇ ਪ੍ਰਸਿੱਧ ਵਿਦਵਾਨ ਸਨ। ਆਪ ਨੇ ਆਪਣੀਆਂ ਗ਼ਜ਼ਲਾਂ ਦਾ ਜ਼ਿੰਦਗੀਨਾਮਾਂ ਫ਼ਾਰਸੀ ਵਿਚ ਲਿਖਿਆ। ਗਿਆਨੀ ਨਰੈਣ ਸਿੰਘ ਨੇ ਇਨ੍ਹਾਂ ਦਾ ਸਰਲ ਪੰਜਾਬੀ ਵਿਚ ਟੀਕਾ ਕੀਤਾ ਹੈ। 60-00

## ਸ੍ਰੀ ਗੁਰਮਤ ਸਾਖੀ ਪ੍ਰਮਾਣ

(ਰਚਿਤ ਗਜਾਨੀ ਜੋਧ ਸਿੰਘ ਜੀ)

ਗੁਰਬਾਣੀ ਤੇ ਅਧਾਰਿਤ ਸਾਖੀਆਂ ਵਾਲਾ ਪੁਰਾਤਨ ਗ੍ਰੰਥ ਜਿਸਦਾ ਇਕ ਸੌ ਦਸ ਸਾਲ ਪਹਿਲਾਂ ਛਪੇ ਗ੍ਰੰਥ ਤੋਂ ਉਤਾਰਾ ਕੀਤਾ ਗਿਆ ਹੈ। 300-00

## ਸ਼ਬਦ ਸਿੱਧੀ ਭੰਡਾਰ

ਸੰਤ ਸੀਤਲ ਸਿੰਘ ਜੀ ਨੇ ਜੋ ਹੱਥ ਲਿਖਤ ਗੁਰਬਾਣੀ ਆਪਣੇ ਗੁਰਦੇਵ ਪਾਸੋਂ ਪ੍ਰਾਪਤ ਕੀਤੀ ਸੀ, ਉਹੋ ਸ਼ਬਦ ਸਭ ਦੀਆਂ ਮਨੋਂ ਕਾਮਨਾਂ ਪੂਰੀਆਂ ਕਰਨ ਲਈ ਅਸੀਂ ਸੰਗਤਾਂ ਦੇ ਲਾਭ ਹਿੱਤ ਛਾਪ ਦਿੱਤੇ ਹਨ। ਵਿਧੀ ਅਨੁਸਾਰ ਸ਼ਬਦਾਂ ਦਾ ਪਾਠ ਕਰਨ ਨਾਲ ਸਭ ਇੱਛਾ ਪੂਰਨ ਹੋਣਗੀਆਂ। 60-00

---

ਮੰਗਵਾਉਣ ਦਾ ਪਤਾ : **ਭਾ. ਚਤਰ ਸਿੰਘ ਜੀਵਨ ਸਿੰਘ**

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਫੋਨ : 542346, 547974

ISBN : 81-7601-016-2



ISBN 81-7601-016-2

9 788176 010160